ਸੰਪਾਦਕੀ

# ਹਿੰਸਾ ਨੂੰ ਨਕਾਰਨ ਦੀ ਲੋੜ

ਭਾਰਤ ਨੂੰ ਜਿਸ ਤਰ੍ਹਾਂ ਗੁਰੂਆਂ ਪੀਰਾਂ ਦੀ ਚਰਨ ਛੋਹ ਪ੍ਰਾਪਤ ਧਰਤੀ ਵਜੋਂ, ਇਕ ਧਾਰਮਿਕ ਦੇਸ਼ ਵਜੋਂ ਵਿਸ਼ਵ ਭਰ ਵਿੱਚ ਪ੍ਰਚਾਰਿਆ ਜਾਂਦਾ ਹੈ, ਉਸਦਾ ਅਕਸ ਅੱਜ ਵਿਸ਼ਵ ਅੱਗੇ ਇਕ ਸਧਾਰਨ ਮਾਰਖੋਰੇ ਪਸ਼ੂ ਵਰਗਾ ਬਣਦਾ ਜਾ ਰਿਹਾ ਹੈ। ਮਸਲਾ ਭਾਵੇਂ ਮੁੰਬਈ ਵਿੱਚ ਹੋਵੇ, ਦਿੱਲੀ, ਜਲੰਧਰ, ਬਟਾਲਾ ਜਾਂ ਦੇਸ਼ ਦੇ ਕਿਸੇ ਹੋਰ ਹਿੱਸੇ ਦਾ ਹੋਵੇ, ਧਾਰਮਿਕ, ਜਾਤੀਗਤ ਅਤੇ ਭਾਈਚਾਰਕ ਪਛਾਣਾ ਦੇ ਮੁੱਦਿਆ ਨੂੰ ਲੈ ਕੇ ਜਿਸ ਤਰ੍ਹਾਂ ਦੀ ਅਸਿਹਣਸ਼ੀਲਤਾ ਦਾ ਪ੍ਰਗਟਾਵਾ ਕਰਨ ਦੀ ਆਦਤ ਬਣ ਗਈ ਹੈ ਉਹ ਆਮ ਮਨੁੱਖ ਦੇ ਵਿਕਾਸ ਲਈ ਬਹੁਤ ਖਤਰਨਾਕ ਸਾਬਤ ਹੋ ਰਹੀ ਹੈ। ਇਸ ਮਾਮਲੇ ਵਿੱਚ ਕਿਸੇ ਹਿੰਦੀ ਸ਼ਾਇਰ ਦਾ ਆਮ ਆਦਮੀ ਬਾਰੇ ਲਿਖਿਆ ਇਹ ਕਥਨ ਬਹੁਤ ਪ੍ਰਭਾਵ ਰੱਖਦਾ ਹੈ ਜਿਸ ਵਿੱਚ ਕਿਹਾ ਗਿਆ ਹੈ ਕਿ "ਅਪਨੀ ਬਰਬਾਦੀਓ ਕੀ ਜੁਸਤਜੂ ਕਹੂ ਕੈਸੇ, ਓਨਕੀ ਤੋਂ ਸਾਜਿਸ਼ ਥੀ, ਤੇਰਾ ਭੀ ਹਵਾਲਾ ਹੈ।" ਮੌਜੂਦਾ ਭਾਰਤੀ ਸਿਆਸੀ, ਧਾਰਮਿਕ ਅਤੇ ਸਮਾਜਿਕ ਮਾਹੌਲ ਵਿੱਚ ਇਸ ਕਥਨ ਦੀ ਸਾਰਥਿਕਤਾ ਸਾਡੇ ਆਚਰਣ ਬਾਰੇ ਬਹੁਤ ਕੁਝ ਬਿਆਨ ਕਰ ਰਹੀ ਹੈ। ਸਿਆਸੀ ਬਲੈਕਮੇਲਿੰਗ ਅਤੇ ਪੀਲੀ ਪੱਤਰਕਾਰੀ ਇਸ ਆਚਰਣ ਨੂੰ ਬਲਦੀ 'ਤੇ ਤੇਲ ਪਾਉਣ ਵਾਲਾ ਉਤਸ਼ਾਹ ਦੇ ਰਹੀਆਂ ਹਨ। ਕਿੱਧਰੇ ਵੀ ਹਿੰਸਾ ਹੋਵੇ ਉਹ ਸੱਤਾ ਤੋਂ ਵਾਂਝੇ ਲੋਕਾਂ ਲਈ ਵਰਦਾਨ ਵਾਂਗ ਮਹਿਸੂਸ ਹੁੰਦੀ ਹੈ ਅਤੇ ਸੱਤਾਧਾਰੀ ਇਸ ਹਿੰਸਾ ਦੇ ਮਾਮਲੇ ਵਿੱਚ ਆਪਣੇ "ਹਿੱਤ" ਸੁਰੱਖਿਅਤ ਰੱਖਣ ਲਈ ਕਿਸੇ ਵੀ ਹੱਦ ਤੱਕ ਦੇ ਝੂਠ ਅਤੇ ਤਸ਼ੱਦਦ ਦਾ ਸਹਾਰਾ ਲੈ ਕੇ ਆਪਣੇ ਆਪ ਨੂੰ ਠੀਕ ਸਾਬਤ ਕਰਨ ਵਿੱਚ ਸਫ਼ਲ ਹੋਣ ਲਈ ਯਤਨਸ਼ੀਲ ਰਹਿੰਦੇ ਹਨ। ਸਭ ਤੋਂ ਵੱਡੀ ਬਦਕਿਸਮਤੀ ਇਸ ਦੇਸ਼ ਦੀ ਇਹ ਹੈ ਕਿ ਇੱਥੇ ਆਮ ਮਨੁੱਖ ਦੇ ਬੁਨਿਆਦੀ ਰੋਟੀ ਰੋਜ਼ੀ ਦੇ ਮਸਲੇ ਹਮੇਸ਼ਾ ਦਬਾਈ ਰੱਖਣ ਲਈ ਇਹ ਧਾਰਮਿਕ ਅਤੇ ਜਾਤੀਗਤ ਹਿੰਸਾ ਦੇ ਮੁੱਦਿਆ ਨੂੰ ਹਮੇਸ਼ਾ ਬਲਦੇ ਰੱਖਿਆ ਜਾਂਦਾ ਹੈ। ਕਾਮਰੇਡਾਂ ਦੀ ਭਾਸ਼ਾ ਵਿੱਚ ਇਹ ਸੱਤਾਧਾਰੀਆਂ ਦੀ ਸਦੀਆਂ ਪੁਰਾਣੀ ਚੱਲ ਰਹੀ ਸਾਜਿਸ਼ ਦਾ ਇੱਕ ਮਜਬੂਤ ਹਿੱਸਾ ਹੈ। ਦੇਸ਼ ਵਿੱਚ ਜਿਸ ਤਰ੍ਹਾਂ ਭਾਸ਼ਾ, ਧਰਮ, ਜਾਤ ਅਤੇ ਇਲਾਕਿਆਂ ਦੀ ਵੰਡ ਨੂੰ ਲੈ ਕੇ ਨਿੱਤ ਰੋਜ਼ ਹਿੰਸਾ, ਮੁਜਾਹਰੇ ਹੁੰਦੇ ਹਨ ਉਨ੍ਹਾਂ ਦੇ ਸ਼ੋਰ ਵਿੱਚ ਆਮ ਵਿਅਕਤੀ ਦੀ 'ਦੋ ਡੰਗ' ਦੀ ਰੋਟੀ ਦੀ ਮੰਗ ਰੁਲ ਕੇ ਰਹਿ ਗਈ ਹੈ। ਦੇਸ਼ ਵਿੱਚ ਵਿਆਪਕ ਮਹਿੰਗਾਈ ਦੇ ਮਾਮਲੇ ਵਿੱਚ ਮੂੰਹ ਬੰਦ ਕਰੀ ਰੱਖਣ ਵਾਲੇ ਲੀਡਰ ਧਾਰਮਿਕ ਅਤੇ ਜਾਤੀਗਤ ਮਸਲਿਆਂ ਵਿੱਚ ਜਿਸ ਤਰ੍ਹਾਂ ਵੱਧ ਚੜ੍ਹ ਕੇ ਆਪਣੀ ਬਿਆਨਬਾਜ਼ੀ ਕਰਦੇ ਹਨ ਉਸ ਨਾਲ ਉਨ੍ਹਾਂ ਦੇ ਸਿਰਫ ਸਿਆਸੀ ਹਿੱਤ ਜੁੜੇ ਹੁੰਦੇ ਹਨ। ਆਮ ਮਨੁੱਖ ਦੀ ਭਲਾਈ ਦੀ ਚਿੰਤਾ ਨਹੀਂ। ਅਜਿਹੀ ਹਿੰਸਾ ਭੜਕਾਉਣ ਵਿੱਚ ਜਿਸ ਤਰ੍ਹਾਂ ਗਲੀਆਂ ਮੁਹੱਲਿਆਂ ਵਿੱਚ ਖੁੰਬਾਂ ਵਾਂਗ ਉੱਗੇ ਲੀਡਰਾਂ ਵੱਲੋਂ ਬਾਹਵਾਂ ਲਹਿਰਾ-ਲਹਿਰਾ ਕੇ ਹਿੱਸਾ ਪਾਇਆ ਜਾਂਦਾ ਹੈ ਅਤੇ ਵੱਡੇ ਲੀਡਰਾਂ ਵੱਲੋਂ ਉਨ੍ਹਾਂ ਨੂੰ ਇਸ ਕਾਰਜ ਲਈ ਹਮੇਸ਼ਾ 'ਸ਼ਾਬਾਸ਼' ਦਿੱਤੀ ਜਾਂਦੀ ਹੈ ਉਹ ਚਿੰਤਾ ਦਾ ਵਿਸ਼ਾ ਹੈ। ਇਨ੍ਹਾਂ ਵੱਡੇ-ਛੋਟੇ ਲੀਡਰਾਂ ਲਈ ਆਮ ਲੋਕ ਭੇਡਾਂ, ਬੱਕਰੀਆਂ ਵਰਗੇ ਬਣ ਕੇ ਹੀ ਰਹਿ ਗਏ ਹਨ। ਕਿਸੇ ਮਾਮਲੇ ਵਿੱਚ ਟਰੈਫਿਕ ਜਾਮ ਕਰਨਾ ਹੋਵੇ, ਬੰਦ ਕਰਨਾ ਹੋਵੇ ਜਾਂ ਕੋਈ ਰੋਸ ਮੁਜ਼ਾਹਰਾ ਆਮ ਬੰਦੇ ਦੀ ਚਿੰਤਾ ਜਾਂ ਮੁਸ਼ਕਿਲਾਂ ਨੂੰ ਕਦੇ ਵੀ ਧਿਆਨ ਵਿੱਚ ਨਹੀਂ ਰੱਖਿਆ ਜਾਂਦਾ। ਅਜਿਹਾ ਮਾਹੌਲ ਸੂਬਾ ਜਾਂ ਕੇਂਦਰ ਸਰਕਾਰਾਂ ਲਈ 'ਪਾੜੋ ਅਤੇ ਰਾਜ ਕਰੋ' ਦੀ ਨੀਤੀ ਲਈ ਭਾਵੇਂ ਬਹੁਤ ਸਾਜਗਾਰ ਹੈ ਪ੍ਰੰਤੂ ਦੂਰ ਦ੍ਰਿਸ਼ਟੀ ਨਾਲ ਵੇਖਿਆ ਇਸ ਦੇ ਅਸਰ ਬੇਹੱਦ ਹਾਨੀਕਾਰਕ ਸਾਬਤ ਹੋਣਗੇ। ਅੱਜ ਸਮੇਂ ਦੀ ਲੋੜ ਹੈ ਕਿ ਦੇਸ਼ ਵਿੱਚ ਸਿਆਸੀ, ਧਾਰਮਿਕ, ਭਾਈਚਾਰਕ ਅਤੇ ਸਮਾਜਿਕ ਖੇਤਰਾਂ ਵਿੱਚ ਸਹਿਣਸ਼ੀਲਤਾ ਵਾਲਾ ਮਾਹੌਲ ਬਣਾਇਆ ਜਾਵੇ। ਇਸ ਕਾਰਜ ਲਈ ਸੱਤਾਧਾਰੀ ਅਤੇ ਵਿਰੋਧੀ ਧਿਰ ਦੇ ਨੇਤਾਵਾਂ, ਧਾਰਮਿਕ ਸਖਸ਼ੀਅਤਾਂ ਅਤੇ ਸਮਾਜ ਸੇਵਾ ਵਿੱਚ ਲੱਗੀ ਸਾਡੀ ਆਦਰਸ਼ ਸਮਝੀ ਜਾਂਦੀ ਆਈ.ਏ.ਐਸ. ਅਤੇ ਆਈ.ਪੀ.ਐਸ. ਅਫਸਰਸ਼ਾਹੀ ਅਤੇ ਮੀਡੀਆ ਦੇ ਪ੍ਰਿੰਟ ਅਤੇ ਇਲੈਕਟ੍ਰੋਨਿਕ ਅੰਗਾਂ ਨੂੰ ਬਣਦਾ ਰੋਲ ਨਿਭਾਉਣਾ ਚਾਹੀਦਾ ਹੈ। ਇਨ੍ਹਾਂ ਧਿਰਾਂ ਨੂੰ ਹਮੇਸ਼ਾ ਇਹ ਅਹਿਸਾਸ ਜ਼ਰੂਰ ਮਨਾਂ ਵਿੱਚ ਰੱਖਣਾ ਚਾਹੀਦਾ ਹੈ ਕਿ ਆਮ ਲੋਕਾਂ ਦੇ ਰੋਟੀ ਰੋਜ਼ੀ ਦੇ ਮਸਲੇ ਇਸ ਕਥਿਤ ਹਿੰਸਾ ਦੀਆਂ ਲਹਿਰਾਂ ਵਿੱਚ ਬਹੁਤੀ ਦੇਰ ਦਬਾਅ ਕੇ ਨਹੀਂ ਰੱਖੇ ਜਾ ਸਕਦੇ। ਇਹ ਗੱਲ ਵੀ ਧਿਆਨ ਵਿੱਚ ਰੱਖਣਯੋਗ ਹੈ ਕਿ ਸਮਾਜ ਦੇ ਕੁਝ ਵਰਗ ਅਜਿਹੇ ਹਨ ਜੋ ਇਸ ਹਿੰਸਾ ਨੂੰ ਆਪਣੀ ਚੌਧਰ ਕਾਇਮ ਰੱਖਣ ਦੇ ਉਪਰਾਲਿਆਂ ਵਿੱਚ ਹੀ ਵਰਤਣ ਨੂੰ ਪਹਿਲ ਦਿੰਦੇ ਹਨ। ਇਸ ਚੌਧਰ ਦੇ ਲਾਲਚ ਵਿੱਚ ਇਹ ਵਰਗ ਦੂਸਰੇ ਸਾਧਨਾਂ ਤੋਂ ਵਾਂਝੇ ਵਰਗਾਂ ਦੇ ਹਿੱਤਾਂ ਨੂੰ ਹਮੇਸ਼ਾ ਅਣਗੌਲਿਆਂ ਰੱਖਦੇ ਹਨ। ਜਿਸ ਦੀ ਇਕ ਉਦਾਹਰਣ ਪੰਜਾਬ ਸਮੇਤ ਵੱਖ-ਵੱਖ ਸੂਬਿਆਂ ਵਿੱਚ ਵੇਖੀ ਜਾ ਸਕਦੀ ਹੈ। ਇਨ੍ਹਾਂ ਸੂਬਿਆਂ ਵਿੱਚ ਆਰਥਿਕ ਤੌਰ 'ਤੇ ਕਮਜ਼ੋਰ ਲੋਕ, ਬਜ਼ੁਰਗ ਔਰਤਾਂ, ਮਰਦ, ਵਿਧਵਾ ਔਰਤਾਂ, ਅੰਗਹੀਣ ਵਰਗ ਦੇ ਲੋਕ ਸਰਕਾਰ ਵੱਲੋਂ ਹਰੇਕ ਮਹੀਨੇ ਦਿੱਤੀ ਜਾਂਦੀ ਪੈਨਸ਼ਨ ਅਤੇ ਹੋਰ ਸਹੂਲਤਾਂ ਨੂੰ ਕਈ-ਕਈ ਮਹੀਨੇ ਤਰਸਦੇ ਰਹਿੰਦੇ ਹਨ, ਬੇਰੁਜ਼ਗਾਰ ਨੌਕਰੀਆਂ ਲਈ ਸਾਲਾਂਬੱਧੀ ਇੱਧਰ ਉੱਧਰ ਭਟਕਦੇ ਫਿਰਦੇ ਹਨ, ਹੋਰ ਤਾਂ ਹੋਰ ਸਕੂਲਾਂ ਵਿੱਚ ਪੜ੍ਹਦੇ ਗ਼ਰੀਬ ਵਰਗਾਂ ਦੇ ਬੱਚੇ ਕਈ ਸਾਲਾਂ ਤੋਂ ਵਜ਼ੀਫਿਆਂ ਤੋਂ ਵਾਂਝੇ ਹਨ। ਰਾਸ਼ਨ ਡੀਪੂਆਂ ਤੋਂ ਮਿਲਦਾ ਸਸਤਾ ਰਾਸ਼ਨ ਗਾਇਬ ਹੈ ਅਤੇ ਸਭ ਪਾਸੇ ਇਕ ਦੂਜੇ ਨੂੰ ਲੁੱਟਣ ਅਤੇ ਕੁੱਟਣ ਦਾ ਮਾਹੌਲ ਬਣਿਆ ਹੋਇਆ ਹੈ। ਅਜਿਹੇ ਹਾਲਾਤ ਵਿੱਚ ਪ੍ਰਮੁੱਖ ਅੰਦੋਲਨ ਆਮ ਲੋਕਾਂ ਦੀ ਸੁਰੱਖਿਆ ਦਾ ਹੋਣਾ ਚਾਹੀਦਾ ਹੈ। ਪ੍ਰੰਤੂ ਸਰਕਾਰਾਂ ਅਤੇ ਵੱਡੇ ਲੀਡਰਾਂ ਨੂੰ ਇਨ੍ਹਾਂ ਅੰਦੋਲਨਾਂ ਤੋਂ ਚੌਧਰ ਖੁਸ ਜਾਣ ਦੇ ਖਤਰੇ ਹਨ। ਇਸ ਲਈ ਅਜਿਹੇ ਅੰਦੋਲਨਾਂ ਨੂੰ ਹਮੇਸ਼ਾ ਠੰਡੇ ਬਸਤੇ ਵਿੱਚ ਪਾਈ ਰੱਖਣ ਲਈ ਧਰਮ, ਜਾਤ ਦੇ ਮਸਲਿਆਂ ਨੂੰ ਹਮੇਸ਼ਾ ਗਰਮਾਈ ਰੱਖਣਾ ਉਨ੍ਹਾਂ ਦੀ ਲੋੜ ਅਤੇ ਮਜ਼ਬੂਰੀ ਹੈ। ਸਮਾਜ ਭਲਾਈ ਵਿੱਚ ਲੱਗੇ ਸਮਾਜ ਸੇਵੀ ਸੰਗਠਨਾਂ ਨੂੰ ਇਸ ਮਾਮਲੇ ਵਿੱਚ ਵੱਡੀ ਪਹਿਲ ਕਰਨ ਦੀ ਲੋੜ ਹੈ। ਧਾਰਮਿਕ ਅਤੇ ਜਾਤੀਗਤ ਮੁੱਦਿਆਂ 'ਤੇ ਹਿੰਸਾ ਫੈਲਾਉਣ ਵਾਲਿਆਂ ਵਿਰੁੱਧ ਲੋਕ ਚੇਤਨਾ ਪੈਦਾ ਕਰਕੇ ਅਜਿਹਾ ਮਾਹੌਲ ਬਣਨ ਤੋਂ ਰੋਕਣ ਲਈ ਆਮ ਲੋਕਾਂ ਦੀ ਲਾਮਬੰਦੀ ਵਧਾਉਣੀ ਚਾਹੀਦੀ ਹੈ। ਅਜਿਹੇ ਸਿਆਸੀ ਨੇਤਾਵਾਂ ਅਤੇ ਮੀਡੀਆ ਨੂੰ ਹਮੇਸ਼ਾ ਨਕਾਰਨਾ ਚਾਹੀਦਾ ਹੈ ਜੋ ਹਿੰਸਾ ਨੂੰ ਸਿਰਫ਼ ਆਪਣੇ ਨਿੱਜੀ ਹਿੱਤਾਂ ਲਈ ਉਤਸ਼ਾਹਤ ਕਰਨ ਵਿੱਚ ਲੱਗੇ ਰਹਿੰਦੇ ਹਨ। ਸਮਾਜ ਵਿੱਚ ਅਜਿਹੀ ਸਹਿਣਸ਼ੀਲਤਾ ਬਣਾਉਣ ਲਈ ਸਰਗਰਮ ਹੋਣਾ ਚਾਹੀਦਾ ਹੈ ਜਿਸ ਤੋਂ ਇਹ ਅਹਿਸਾਸ ਹੋਵੇ ਕਿ ਭਾਰਤ ਸੱਚਮੁੱਚ ਹੀ ਗੁਰੂਆਂ ਪੀਰਾਂ ਉਹ ਧਰਤੀ ਹੈ ਜਿਥੇ ਹਰ ਵੱਡੀ ਤੋਂ ਵੱਡੀ ਗੁੱਸੇ ਵਾਲੀ ਗੱਲ ਨੂੰ ਠੰਡੇ ਜ਼ਿਗਰੇ ਨਾਲ ਝੱਲਿਆ ਜਾਂਦਾ ਹੈ। ਭਾਰਤ ਦਾ ਧਰਮ ਪ੍ਰਮੁੱਖ ਹੋਣ ਦਾ ਅਕਸ ਫਿਰ ਹੀ ਦੁਨੀਆਂ ਵਿੱਚ ਮਜ਼ਬੂਤ ਹੋ ਸਕਦਾ ਹੈ।

# ਭਾਰਤ ਦਾ ਬੈਂਕਿੰਗ ਇਤਿਹਾਸ

ਦੇਵੇਂਦਰ ਕੁਮਾਰ ਮਹਿੰਦੀਰੱਤਾ

ਇਸ ਵੇਲੇ ਭਾਰਤ ਵਿੱਚ 26 ਸਰਕਾਰੀ ਬੈਂਕ, 31 ਨਿੱਜੀ ਬੈਂਕ, 88 ਅਨੁਸੂਚਿਤ ਵਪਾਰਕ ਬੈਂਕ, 38 ਵਿਦੇਸ਼ੀ ਬੈਂਕ ਅਤੇ 250 ਤੋਂ ਵੱਧ ਸਹਿਕਾਰੀ ਬੈਂਕ ਕੰਮ ਕਰ ਰਹੇ ਹਨ। ਇਨ੍ਹਾਂ ਦੀਆਂ 53 ਹਜ਼ਾਰ ਤੋਂ ਵੱਧ ਸ਼ਾਖਾਵਾਂ ਹਨ ਅਤੇ 17000 ਤੋਂ ਵੱਧ ਏ.ਟੀ.ਐੱਮ. ਹਨ।

ਆਰੰਭਿਕ ਇਤਿਹਾਸ-ਭਾਰਤ ਵਿੱਚ ਸਭ ਤੋਂ ਪਹਿਲੇ ਬੈਂਕ 1786 ਵਿੱਚ ਜਨਰਲ ਬੈਂਕ ਆਫ ਇੰਡੀਆ ਅਤੇ ਬੈਂਕ ਆਫ ਹਿੰਦੋਸਤਾਨ ਖੁੱਲ੍ਹੇ ਜੋ ਹੁਣ ਮੌਜੂਦ ਨਹੀਂ ਹਨ। ਸਭ ਤੋਂ ਪੁਰਾਣਾ ਬੈਂਕ ਭਾਰਤੀ ਸਟੇਟ ਬੈਂਕ ਹੈ, ਜੋ ਜੂਨ 1806 ਵਿੱਚ ਬੈਂਕ ਆਫ ਕਲਕੱਤਾ ਦੇ ਨਾਂਅ ਨਾਲ ਖੁੱਲ੍ਹਿਆ ਅਤੇ ਛੇਤੀ ਹੀ ਇਸ ਦਾ ਨਾਂਅ ਬੈਂਕ ਆਫ ਬੰਗਾਲ ਹੋ ਗਿਆ। ਇਹ ਇੱਕ ਪ੍ਰੈਜੀਡੈਂਸੀ ਬੈਂਕ ਸੀ, ਜਿਸ ਦੀ ਸਥਾਪਨਾ ਈਸਟ ਇੰਡੀਆ ਕੰਪਨੀ ਦੇ ਇੱਕ ਚਾਰਟਰ ਨਾਲ ਹੋਈ। ਇਸ ਦੇ ਨਾਲ ਦੋ ਹੋਰ ਪ੍ਰੈਜੀਡੈਂਸੀ ਬੈਂਕ, ਬੈਂਕ ਆਫ ਬੰਬਈ ਅਤੇ ਬੈਂਕ ਆਫ ਮਦਰਾਸ ਵੀ ਖੁੱਲ੍ਹੇ। ਕਈ ਸਾਲਾਂ ਤੱਕ ਇਹ ਪ੍ਰੈਜੀਡੈਂਸੀ ਬੈਂਕ ਕੰਮਕਾਜ ਦੇਖਦੇ ਰਹੇ। 1921 ਵਿੱਚ ਇਨ੍ਹਾਂ ਤਿੰਨੋਂ ਪ੍ਰੈਜ਼ੀਪੈਂਡ ਬੈਂਕਾਂ ਦਾ ਰਲਾਅ ਕਰ ਦਿੱਤਾ ਗਿਆ ਅਤੇ ਇੰਪੀਲੀਅਲ ਬੈਂਕ ਆਫ ਇੰਡੀਆ ਬਣਾਇਆ ਗਿਆ। 1955 ਵਿੱਚ ਪਾਰਲੀਮੈਂਟ ਨੇ ਇੱਕ ਕਾਨੂੰਨ ਦੁਆਰਾ ਇੰਪੀਰੀਅਲ ਬੈਂਕ ਆਫ ਇੰਡੀਆ ਦਾ ਰਾਸ਼ਟਰੀਕਰਨ ਕਰ ਦਿੱਤਾ ਅਤੇ ਅਤੇ ਇਸ ਨੂੰ ਭਾਰਤੀ ਸਟੇਟ ਬੈਂਕ ਦਾ ਨਾਮ ਮਿਲਿਆ।

1959 ਵਿੱਚ 7 ਦੇਸੀ ਰਿਆਸਤਾਂ ਦੇ ਬੈਂਕਾਂ ਦਾ ਰਾਸ਼ਟਰੀਕਰਨ ਕੀਤਾ ਗਿਆ ਅਤੇ ਉਨ੍ਹਾਂ ਨੂੰ ਭਾਰਤੀ ਸਟੇਟ ਬੈਂਕ ਦੇ ਸਹਿਯੋਗੀ ਬੈਂਕ ਬਣਾ ਦਿੱਤਾ ਗਿਆ। ਇਹ ਬੈਂਕ ਹਨ ਸਟੇਟ ਬੈਂਕ ਆਫ ਬੀਕਾਨੇਰ ਐਂਡ ਜੈਪੂਰ, ਸਟੇਟ ਬੈਂਕ ਆਫ ਇੰਦੌਰ, ਸਟੇਟ ਬੈਂਕ ਆਫ ਮੈਸੂਰ, ਸਟੇਟ ਬੈਂਕ ਆਫ ਪਟਿਆਲਾ, ਸਟੇਟ ਬੈਂਕ ਆਫ ਸੌਰਾਸ਼ਟਰ, ਸਟੇਟ ਬੈਂਕ ਆਫ ਟਰਾਵਨਕੋਰ ਅਤੇ ਸਟੇਟ ਬੈਂਕ ਆਫ ਹੈਦਰਾਬਾਦ। ਇਨ੍ਹਾਂ ਸਹਿਯੋਗੀ ਬੈਂਕਾਂ ਦਾ ਭਾਰਤੀ ਸਟੇਟ ਬੈਂਕ ਵਿੱਚ ਰਲਾਅ ਕਰਨ ਤੇ ਵਿਚਾਰ ਕੀਤਾ ਜਾ ਰਿਹਾ ਹੈ ਅਤੇ 2008 ਵਿੱਚ ਸਟੇਟ ਬੈਂਕ ਆਫ ਸੌਰਾਸ਼ਟਰ ਦਾ ਭਾਰਤੀ ਸਟੇਟ ਬੈਂਕ ਵਿੱਚ ਰਲਾਅ ਕਰ ਦਿੱਤਾ ਗਿਆ ਹੈ।

ਭਾਰਤੀ ਵਪਾਰੀਆਂ ਨੇ 1839 ਵਿੱਚ ਕਲਕੱਤਾ ਵਿੱਚ ਯੂਨੀਅਨ ਬੈਂਕ ਦੀ ਸਥਾਪਨਾ ਕੀਤੀ, ਜੋ 1848-49 ਵਿੱਚ ਆਈ ਮੰਦੀ ਦੇ ਕਾਰਨ ਡੁੱਬ ਗਿਆ। ਸਭ ਤੋਂ ਪਹਿਲਾਂ ਜਾਇੰਟ ਸਟਾਕ ਬੈਂਕ 1863 ਵਿੱਚ ਬੈਂਕ ਆਫ ਅਪਰ ਇੰਡੀਆ ਸਥਾਪਤ ਹੋਇਆ, ਜੋ 1913 ਵਿੱਚ ਡੁੱਬ ਗਿਆ। ਇਸ ਦੀਆਂ ਦੇਣਦਾਰੀਆਂ ਦੀ ਜ਼ਿੰਮੇਵਾਰੀ ਅਲਾਇੰਸ ਬੈਂਕ ਆਫ ਸ਼ਿਮਲਾ ਨੇ ਲਈ। ਸਭ ਤੋਂ ਪੁਰਾਣਾ ਜਾਇੰਟ ਸਟਾਕ ਬੈਂਕ ਇਲਾਹਾਬਾਦ ਬੈਂਕ ਕਲਕੱਤਾ ਵਿੱਚ ਸਥਾਪਤ ਹੋਇਆ ਜੋ ਅੱਜ ਇੱਕ ਸਰਕਾਰੀ ਬੈਂਕ ਹੈ।

ਅਮਰੀਕੀ ਸਿਵਲ ਵਾਰ ਦੇ ਸਮਾਪਤ ਹੋਣ ਤੋਂ ਲੰਕਾਸ਼ਾਇਰ ਵਿੱਚ ਕਪਾਹ ਦੀ ਬਰਾਮਦ ਸ਼ੁਰੂ ਹੋਈ ਤਾਂ ਕਲਕੱਤਾ ਵਿੱਚ ਕਈ ਬੈਂਕ ਸਥਾਪਤ ਹੋਏ, ਪਰ ਅਨਿਸ਼ਚਿਤ ਕਾਰੋਬਾਰ ਦੇ ਕਾਰਨ ਕਈ ਬੈਂਕ ਡੁੱਬ ਵੀ ਗਏ। ਜਮ੍ਹਾਂ ਕਰਤਾਵਾਂ ਦਾ ਰੁਪਿਆ ਡੁੱਬ ਗਿਆ ਅਤੇ ਭਾਰਤੀ ਵਪਾਰੀਆਂ ਦਾ ਬੈਂਕਾਂ ਪ੍ਰਤੀ ਭਰੋਸਾ ਖਤਮ ਹੋ ਗਿਆ। ਸਿੱਟੇ ਵੱਜੋਂ, 20ਵੀਂ ਸਦੀ ਦੇ ਸ਼ੁਰੂ ਤੱਕ ਬਹੁਤੇ ਭਾਰਤੀ ਬੈਂਕ ਯੂਰਪੀ ਲੋਕਾਂ ਦੇ ਹੱਥ ਵਿੱਚ ਰਹੇ।

1860 ਵਿੱਚ ਵਿਦੇਸ਼ੀ ਬੈਂਕਾਂ ਨੇ ਭਾਰਤ ਵਿੱਚ ਪੈਰ ਰੱਖਦਿਆਂ ਅਤੇ ਕੰਪੋਟਰ ਡੀ-ਐਕਪੇਟੋ ਡੀ ਪੈਰਿਸ ਨੇ ਕਲਕੱਤਾ ਅਤੇ 1862 ਵਿੱਚ ਬੰਬਈ ਵਿੱਚ ਆਪਣੀਆਂ ਸ਼ਾਖਾਵਾਂ ਖੋਲ੍ਹੀਆਂ ਅਤੇ ਇਸ ਦੇ ਨਾਲ ਹੀ ਮਦਰਾਸ ਅਤੇ ਪੁੱਡੀਚੇਰੀ ਜੋ ਉਸ ਸਮੇਂ ਫਰਾਂਸ ਦੀ ਬਸਤੀ ਸੀ, ਵਿੱਚ ਵੀ ਸ਼ਾਖਾਵਾਂ ਖੋਲ੍ਹੀਆਂ।

ਸੰਪੂਰਨ ਤੌਰ 'ਤੇ ਭਾਰਤੀ ਜਾਇੰਟ ਸਟਾਕ ਬੈਂਕ 1881 ਵਿੱਚ ਫੈਜਾਬਾਦ ਵਿੱਚ ਅਵਧ ਕਮਸ਼ੀਅਲ ਬੈਂਕ ਖੁੱਲ੍ਹਿਆ ਜੋ 1958 ਵਿੱਚ ਡੁੱਬ ਗਿਆ। ਇਸ ਤੋਂ ਬਾਅਦ 1895 ਵਿੱਚ ਲਾਹੌਰ ਵਿੱਚ ਪੰਜਾਬ ਨੈਸ਼ਨਲ ਬੈਂਕ ਖੁੱਲ੍ਹਿਆ ਜੋ ਅੱਜ ਭਾਰਤ ਦੇ ਸਰਕਾਰੀ ਬੈਂਕਾਂ ਵਿੱਚੋਂ ਇੱਕ ਹੈ। 20ਵੀਂ ਸਦੀ ਦੇ ਆਉਣ ਤੱਕ ਭਾਰਤੀ ਅਰਥ-ਵਿਵਸਥਾ ਵਿੱਚ ਕੁੱਝ ਟਿਕਾਅ ਆ ਗਿਆ ਸੀ ਅਤੇ ਸਮਾਜਿਕ, ਉਦਯੋਗਿਕ ਵਿਕਾਸ ਆਰੰਭ ਹੋ ਗਿਆ ਸੀ। ਇਸ ਦੌਰਾਨ ਵਿਸ਼ੇਸ਼ ਧਾਰਮਿਕ ਫਿਰਕਿਆਂ ਦੇ ਹਿੱਤਾਂ ਲਈ ਕੁੱਝ ਛੋਟੇ ਬੈਂਕ ਵੀ ਖੁੱਲ੍ਹੇ।

*ਆਰੰਭਿਕ ਇਤਿਹਾਸ-ਭਾਰਤ ਵਿੱਚ ਸਭ ਤੋਂ ਪਹਿਲੇ ਬੈਂਕ 1786 ਵਿੱਚ ਜਨਰਲ ਬੈਂਕ ਆਫ ਇੰਡੀਆ ਅਤੇ ਬੈਂਕ ਆਫ ਹਿੰਦੋਸਤਾਨ ਖੁੱਲ੍ਹੇ ਜੋ ਹੁਣ ਮੌਜੂਦ ਨਹੀਂ ਹਨ। ਸਭ ਤੋਂ ਪੁਰਾਣਾ ਬੈਂਕ ਭਾਰਤੀ ਸਟੇਟ ਬੈਂਕ ਹੈ, ਜੋ ਜੂਨ 1806 ਵਿੱਚ ਬੈਂਕ ਆਫ ਕਲਕੱਤਾ ਦੇ ਨਾਂਅ ਨਾਲ ਖੁੱਲ੍ਹਿਆ ਅਤੇ ਛੇਤੀ ਹੀ ਇਸ ਦਾ ਨਾਂਅ ਬੈਂਕ ਆਫ ਬੰਗਾਲ ਹੋ ਗਿਆ। ਇਹ ਇੱਕ ਪ੍ਰੈਜੀਡੈਂਸੀ ਬੈਂਕ ਸੀ, ਜਿਸ ਦੀ ਸਥਾਪਨਾ ਈਸਟ ਇੰਡੀਆ ਕੰਪਨੀ ਦੇ ਇੱਕ ਚਾਰਟਰ ਨਾਲ ਹੋਈ। ਇਸ ਦੇ ਨਾਲ ਦੋ ਹੋਰ ਪ੍ਰੈਜੀਡੈਂਸੀ ਬੈਂਕ, ਬੈਂਕ ਆਫ ਬੰਬਈ ਅਤੇ ਬੈਂਕ ਆਫ ਮਦਰਾਸ ਵੀ ਖੁੱਲ੍ਹੇ। ਕਈ ਸਾਲਾਂ ਤੱਕ ਇਹ ਪ੍ਰੈਜੀਡੈਂਸੀ ਬੈਂਕ ਕੰਮਕਾਜ ਦੇਖਦੇ ਰਹੇ। 1921 ਵਿੱਚ ਇਨ੍ਹਾਂ ਤਿੰਨੋਂ ਪ੍ਰੈਜ਼ੀਪੈਂਡ ਬੈਂਕਾਂ ਦਾ ਰਲਾਅ ਕਰ ਦਿੱਤਾ ਗਿਆ ਅਤੇ ਇੰਪੀਲੀਅਲ ਬੈਂਕ ਆਫ ਇੰਡੀਆ ਬਣਾਇਆ ਗਿਆ। 1955 ਵਿੱਚ ਪਾਰਲੀਮੈਂਟ ਨੇ ਇੱਕ ਕਾਨੂੰਨ ਦੁਆਰਾ ਇੰਪੀਰੀਅਲ ਬੈਂਕ ਆਫ ਇੰਡੀਆ ਦਾ ਰਾਸ਼ਟਰੀਕਰਨ ਕਰ ਦਿੱਤਾ ਅਤੇ ਅਤੇ ਇਸ ਨੂੰ ਭਾਰਤੀ ਸਟੇਟ ਬੈਂਕ ਦਾ ਨਾਮ ਮਿਲਿਆ।*

ਪ੍ਰੈਜ਼ੀਡੈਂਸੀ ਬੈਂਕਾਂ ਦਾ ਭਾਰਤੀ ਬੈਂਕ ਵਿਵਸਥਾ ਉੱਤੇ ਨਿਯੰਤਰਣ ਸੀ। ਇਸ ਦੇ ਨਾਲ ਹੀ ਕੁੱਝ ਐਕਸਚੇਂਜ ਬੈਂਕ ਅਤੇ ਜਾਇੰਟ ਸਟਾਕ ਬੈਂਕ ਵੀ ਸਨ। ਐਕਸਚੇਂਜ ਬੈਂਕ ਯੂਰਪੀ ਲੋਕਾਂ ਦੇ ਨਿਯੰਤਰਣ ਵਿੱਚ ਸਨ, ਜੋ ਵਿਦੇਸ਼ੀ ਵਪਾਰ ਦਾ ਕੰਮ ਕਰਦੇ ਸਨ। ਜਾਇੰਟ ਸਟਾਕ ਬੈਂਕਾਂ ਵਿੱਚ ਪੂੰਜੀ ਅਤੇ ਅਨੁਭਵ ਦੀ ਅਣਹੋਂਦ ਸੀ ਅਤ ਪ੍ਰੈਜ਼ੀਡੈਂਸੀ ਬੈਂਕਾਂ ਦੇ ਸਾਹਮਣੇ ਬੌਣੇ ਸਨ। 1906 ਤੋਂ 1911 ਦੇ ਦੌਰਾਨ ਸਵਦੇਸ਼ੀ ਅੰਦੋਲਨ ਤੋਂ ਪ੍ਰਭਾਵਿਤ ਹੋ ਕੇ ਸਥਾਨਕ ਵਪਾਰੀਆਂ ਅਤੇ ਕੁੱਝ ਰਾਜਸੀ ਲੋਕਾਂ ਨੇ ਭਾਰਤੀਆਂ ਲਈ ਕਈ ਬੈਂਕ ਸਥਾਪਤ ਕੀਤੇ, ਜੋ ਅੱਜ ਵੱਡੇ ਬੈਂਕਾਂ ਵਿੱਚੋਂ ਇੱਕ ਹਨ ਜਿਵੇਂ ਬੈਂਕ ਆਫ ਇੰਡੀਆ, ਇੰਡੀਅਨ ਬੈਂਕ, ਕਾਰਪੋਰੇਸ਼ਨ ਬੈਂਕ, ਬੈਂਕ ਆਫ ਬੜੌਦਾ, ਸੈਂਟਰਲ ਬੈਂਕ ਆਫ ਇੰਡੀਆ ਆਦਿ।

ਸਵਦੇਸ਼ੀ ਅੰਦੋਲਨ ਤੋਂ ਪ੍ਰਭਾਵਿਤ ਹੋ ਕੇ ਦੱਖਣੀ ਕਨਾਰਾ, ਅਤੇ ਓ.ਡੀ.ਪੀ. ਜੋ ਉਸ ਸਮੇਂ ਸੰਯੁਕਤ ਜ਼ਿਲ੍ਹੇ ਸਨ, ਵਿੱਚ ਕਈ ਬੈਂਕ ਸਥਾਪਤ ਹੋਏ। ਇਨ੍ਹਾਂ ਵਿੱਚੋਂ ਚਾਰ ਸਰਕਾਰੀ ਬੈਂਕ ਅਤੇ ਇੱਕ ਵੱਡਾ ਨਿੱਜੀ ਬੈਂਕ ਹੈ। ਇਸ ਲਈ ਦੱਖਣੀ ਕਨਾਰਾ ਬੈਂਕ ਨੂੰ ਭਾਰਤੀ ਬੈਂਕ ਦਾ ਪੰਘੂੜਾ ਵੀ ਕਿਹਾ ਜਾ ਸਕਦਾ ਹੈ।

ਪਹਿਲੀ ਸੰਸਾਰ ਜੰਗ ਤੋਂ ਸੁਤੰਤਰਤਾ ਤੱਕ- ਪਹਿਲੀ ਸੰਸਾਰ ਜੰਗ (1914 ਤੋਂ 1918) ਤੋਂ ਲੈ ਕੇ ਦੂਜੇ ਸੰਸਾਰ ਜੰਗ 1939 ਤੋਂ 1945 ਅਤੇ ਸੁਤੰਤਰਤਾ ਤੱਕ ਦੀ ਪ੍ਰਾਪਤੀ ਤੱਕ ਦਾ ਸਮਾਂ ਭਾਰਤੀ ਬੈਂਕਾਂ ਲਈ ਬਹੁਤ ਬੁਰਾ ਰਿਹਾ। 1913 ਤੋਂ 1918 ਤੱਕ ਦੀ ਜੰਗ ਦੇ ਸਾਲਾਂ ਵਿੱਚ ਆਈ ਮੰਦੀ ਦੇ ਕਾਰਨ ਲੱਗਭੱਗ 94 ਬੈਂਕ ਡੁੱਬ ਗਏ।

ਸੁਤੰਤਰਤਾ ਤੋਂ ਬਾਅਦ ਦਾ ਸਮਾਂ-1947 ਵਿੱਚ ਪੰਜਾਬ ਅਤੇ ਬੰਗਾਲ ਦੀ ਵੰਡ ਨੇ ਭਾਰਤੀ ਅਰਥ-ਵਿਵਸਥਾ ਉੱਤੇ ਬਹੁਤ ਬੁਰਾ ਅਸਰ ਪਾਇਆ, ਜਿਸ ਦਾ ਅਸਰ ਬੈਂਕਾਂ ਉੱਤੇ ਵੀ ਪਿਆ। 1948 ਵਿੱਚ ਭਾਰਤ ਸਰਕਾਰ ਦੀ ਉਦਯੋਗਿਕ ਨੀਤੀ ਨੇ ਅਰਥ-ਵਿਵਸਥਾ ਵਿੱਚ ਨਵੀਂ ਜਾਨ ਪਾ ਦਿੱਤੀ। ਬੈਂਕਾਂ ਨਾਲ ਸਬੰਧਿਤ ਹੇਠ ਲਿਖੇ ਕਦਮ ਚੁੱਕੇ ਗਏ।

* 1948 ਵਿੱਚ ਭਾਰਤੀ ਰਿਜ਼ਰਵ ਬੈਂਕ ਦਾ ਰਾਸ਼ਟਰੀਕਰਨ ਕੀਤਾ ਗਿਆ।

* 1949 ਵਿੱਚ ਬੈਂਕਿੰਗ ਰੈਗੂਲੇਸ਼ਨ ਐਕਟ ਪਾਸ ਕੀਤਾ ਗਿਆ। ਜਿਸ ਵਿੱਚ ਭਾਰਤੀ ਰਿਜ਼ਰਵ ਬੈਂਕ ਨੂੰ ਭਾਰਤ ਦੇ ਸਾਰਿਆਂ ਬੈਂਕਾਂ 'ਤੇ ਨਿਯੰਤਰਣ ਅਤੇ ਜਾਂਚ ਦਾ ਅਧਿਕਾਰ ਦਿੱਤਾ ਗਿਆ।

* ਕੋਈ ਵੀ ਨਵਾਂ ਬੈਂਕ ਜਾਂ ਬੈਂਕ ਦੀ ਨਵੀਂ ਸ਼ਾਖਾ ਭਾਰਤੀ ਰਿਜ਼ਰਵ ਬੈਂਕ ਤੋਂ ਪ੍ਰਾਪਤ ਲਾਇਸੈਂਸ ਦੇ ਬਿਨਾਂ ਨਹੀਂ ਖੋਲ੍ਹੀ ਜਾ ਸਕਦੀ, ਨਾਲ ਹੀ ਦੋ ਬੈਂਕਾਂ ਦੇ ਬਰਾਬਰ ਨਿਰਦੇਸ਼ਕਾਂ ਉੱਤੇ ਵੀ ਰੋਕ ਲਾ ਦਿੱਤੀ ਗਈ। ਭਾਰਤੀ ਸਟੇਟ ਬੈਂਕ ਤੋਂ ਇਲਾਵਾ ਹੋਰ ਸਾਰੇ ਬੈਂਕ ਨਿੱਜੀ ਹੱਥਾਂ ਵਿੱਚ ਹੀ ਸਨ। ਇਹ ਸਥਿਤੀ 19 ਜੁਲਾਈ 1969 ਵਿੱਚ 14 ਵੱਡੇ ਬੈਂਕਾਂ ਦੇ ਰਾਸ਼ਟਰੀਕਰਨ ਤੋਂ ਬਾਅਦ ਬਦਲੀ।

ਰਾਸ਼ਟਰੀਕਰਨ ਅਤੇ ਰਲਾਅ-1960 ਤੱਕ ਬੈਂਕਿੰਗ ਦੇ ਉਦਯੋਗ ਨੇ ਅਰਥ-ਵਿਵਸਥਾ ਦੇ ਵਿਕਾਸ ਵਿੱਚ ਬਹੁਤ ਯੋਗਦਾਨ ਦਿੱਤਾ ਹੈ। ਨਾਲ ਹੀ ਇਹ ਇੱਕ ਹੋਰ ਵੱਡੇ ਨਿਯੋਜਕ ਦੇ ਰੂਪ ਵਿੱਚ ਵੀ ਉਭਰਿਆ। ਇਸ ਦੀ ਇਸ ਵਿਆਪਕਤਾ ਦੇ ਕਾਰਨ ਇਸ ਦੇ ਰਾਸ਼ਟਰੀਕਰਨ ਦੀ ਆਵਾਜ਼ ਵੀ ਉੱਠੀ। ਸਿੱਟੇ ਵੱਜੋਂ, 19 ਜੁਲਾਈ 1969 ਨੂੰ ਦੇਸ਼ ਦੇ 14 ਵੱਡੇ ਬੈਂਕਾਂ ਦਾ ਰਾਸ਼ਟਰੀਕਰਨ ਕੀਤਾ ਗਿਆ। 1980 ਤੋਂ ਵੀ ਛੇ ਹੋਰ ਵੱਡੇ ਬੈਕਾਂ ਦਾ ਰਾਸ਼ਟਰੀਕਰਨ ਕੀਤਾ ਗਿਆ। ਇਸ ਨਾਲ ਦੇਸ਼ ਦੇ ਲੱਗਭੱਗ 91 ਫੀਸਦੀ ਬੈਂਕਾਂ 'ਤੇ ਭਾਰਤ ਸਰਕਾਰ ਦਾ ਸਿੱਧਾ ਨਿਯੰਤਰਣ ਹੋ ਗਿਆ।

ਬੈਂਕਾਂ ਦੀ ਕਾਰਜ ਸਮਰੱਥਾ ਨੂੰ ਦੇਖਦਿਆਂ ਦੋ ਸਰਕਾਰੀ ਬੈਂਕਾਂ ਦਾ ਰਲਾਅ ਵੀ ਕੀਤਾ ਗਿਆ। 1993 ਵਿੱਚ ਨਿਊ ਬੈਂਕ ਆਫ ਇੰਡੀਆ ਦਾ ਪੰਜਾਬ ਨੈਸ਼ਨਲ ਬੈਂਕ ਵਿੱਚ ਅਤੇ 2008 ਵਿੱਚ ਸਟੇਟ ਬੈਂਕ ਆਫ ਸੌਰਾਸ਼ਟਰ ਦਾ ਭਾਰਤੀ ਸਟੇਟ ਬੈਂਕ ਵਿੱਚ ਰਲਾਅ ਕੀਤਾ ਗਿਆ। ਇਸ ਨਾਲ ਸਰਕਾਰੀ ਬੈਂਕਾਂ ਦੀ ਗਿਣਤੀ 26 ਹੋ ਗਈ।

ਉਦਾਰੀਕਰਨ-1990 ਦੇ ਸ਼ੁਰੂ ਵਿੱਚ ਨਰਸਿਮ੍ਹਾ ਰਾਓ ਦੀ ਸਰਕਾਰ ਨੇ ਉਦਾਰੀਕਰਨ ਦੀ ਨੀਤੀ ਅਪਣਾਉਂਦਿਆਂ ਕਈ ਨਿੱਜੀ ਬੈਂਕਾਂ ਨੂੰ ਲਾਇਸੰਸ ਦਿੱਤੇ। ਇਹ ਇੱਕ ਨਵੇਂ ਯੁੱਗ ਦੇ ਤਕਨੀਕੀ ਬੈਂਕ ਸਨ, ਜਿਨ੍ਹਾਂ ਵਿੱਚ ਗਲੋਬਲ ਟਰੱਸਟ ਬੈਂਕ, ਜਿਸ ਦਾ ਬਾਅਦ ਵਿੱਚ ਰਲਾਅ ਕੀਤਾ ਗਿਆ। ਐਕਸਿਸ ਬੈਂਕ (ਪਹਿਲਾਂ ਯੂ.ਟੀ.ਆਈ. ਬੈਂਕ) ਆਈ.ਸੀ.ਆਈ.ਸੀ. ਬੈਂਕ ਐੱਚ.ਐੱਫ.ਡੀ.ਸੀ.ਬੈਂਕ ਸ਼ਾਮਲ ਹਨ। ਇਨ੍ਹਾਂ ਨਾਲ ਅਰਥ-ਵਿਵਸਥਾ ਵਿੱਚ ਬਹੁਤ ਵਾਧਾ ਹੋਇਆ ਹੈ।

ਉਦਾਰੀਕਰਨ ਦਾ ਅਗਲਾ ਕਦਮ ਵਿਦੇਸ਼ੀ ਸਿੱਧੇ ਨਿਵੇਸ਼ ਨੂੰ ਪ੍ਰੋਤਸਾਹਨ ਦੇਣ ਲਈ ਬੈਂਕਾਂ ਵਿੱਚ ਵਿਦੇਸ਼ੀ ਨਿਵੇਸ਼ਕਰਤਾਵਾਂ ਨੂੰ ਕੁੱਝ ਪਾਬੰਦੀਆਂ ਦੇ ਨਾਲ 49 ਫੀਸਦੀ ਤੱਕ ਮਤਦਾਨ ਦਾ ਅਧਿਕਾਰ ਸ਼ਾਮਲ ਹੈ। ਨਵੀਂ ਨੀਤੀ ਨਾਲ ਬੈਂਕਾਂ ਦੇ ਕੰਮਕਾਜ ਵਿੱਚ ਬਹੁਤ ਵੱਡਾ ਪਰਿਵਰਤਨ ਆਇਆ ਹੈ। ਬੈਂਕ ਹੁਣ ਤੱਕ 4-6-4 ਦੇ ਸਿਧਾਂਤ (ਕਰਜ਼ਾ 4 ਫੀਸਦੀ, ਉਧਾਰ 6 ਫੀਸਦੀ ਅਤੇ ਲਾਭਅੰਸ਼ 4 ਫੀਸਦੀ ਉੱਤੇ ਕੰਮ ਕਰ ਰਹੇ ਹਨ। ਇਸ ਨੂੰ ਬਦਲ ਕੇ ਬੈਂਕਾਂ ਨੇ ਇੱਕ ਹੋਰ ਨੀਤੀ ਅਪਣਾਈ ਅਤੇ ਉਪਭੋਗਤਾ ਕਰਜ਼ੇ ਨੂੰ ਪਹਿਲ ਦਿੱਤੀ। ਨਵੀਂ ਨੀਤੀ ਨੇ ਬੈਂਕਾਂ ਦੇ ਕੰਮ ਕਰਨ ਦੇ ਪੁਰਾਣੇ ਢੰਗ ਤਰੀਕਿਆਂ ਨੂੰ ਵੀ ਬਦਲ ਦਿੱਤਾ। 2009 ਤੱਕ ਪੇਂਡੂ ਖੇਤਰਾਂ ਵਿੱਚ ਸਰਕਾਰੀ ਬੈਂਕਾਂ ਨੇ ਬੇਮਿਸਾਲ ਕੰਮ ਕੀਤਾ ਅਤੇ ਨਿੱਜੀ ਤੇ ਵਿਦੇਸ਼ੀ ਬੈਂਕਾਂ ਲਈ ਇਨ੍ਹਾਂ ਖੇਤਰਾਂ ਵਿੱਚ ਕੰਮ ਕਰਨਾ ਇੱਕ ਚੁਣੌਤੀ ਹੈ।

ਭਾਰਤੀ ਬੈਂਕਾਂ ਦਾ ਵਿਸ਼ਵ ਵਿੱਚ ਸਥਾਨ-ਭਾਰਤੀ ਬੈਂਕ ਅਜੇ ਵੀ ਅਮਰੀਕੀ ਬੈਂਕਾਂ ਦੇ ਸਾਹਮਣੇ ਬੌਣੇ ਹਨ। ਇਸ ਦਾ ਮੁੱਖ ਕਾਰਨ ਹੈ ਭਾਰਤੀ ਬੈਂਕਾਂ ਦਾ ਪੇਂਡੂ ਖੇਤਰਾਂ ਵਿੱਚ ਆਪਣੀਆਂ ਸ਼ਾਖਾਵਾਂ ਦੁਆਰਾ ਸੇਵਾ ਦੇਣਾ, ਜਦਕਿ ਵਿਦੇਸ਼ੀ ਬੈਂਕ ਸਿਰਫ ਵੱਡੇ ਉਦਯੋਗਿਕ ਘਰਾਣਿਆਂ ਨੂੰ ਹੀ ਸੇਵਾ ਦੇਣ ਵਿੱਚ ਆਪਣੀ ਰੁਚੀ ਵਿਖਾਉਂਦੇ ਹਨ। 26 ਸਰਕਾਰੀ ਬੈਂਕਾਂ ਵਿੱਚੋਂ ਕੋਈ ਵੀ ਬੈਂਕ ਪੂੰਜੀ ਦੇ ਮਾਮਲੇ ਵਿੱਚ ਵਿਦੇਸ਼ੀ ਬੈਂਕਾਂ ਦੀ ਬਰਾਬਰੀ ਨਹੀਂ ਕਰ ਸਕਦਾ, ਪਰ ਸ਼ਾਖਾਵਾਂ ਦੀ ਗਿਣਤੀ ਦੇ ਮਾਮਲੇ ਵਿੱਚ ਭਾਰਤੀ ਸਟੇਟ ਬੈਂਕ ਆਪਣੀਆਂ ਲੱਗਭੱਗ 11000 ਸ਼ਾਖਾਵਾਂ ਦੁਆਰਾ ਵਿਸ਼ਵ ਦੇ ਸਭ ਤੋਂ ਵੱਡੇ ਬੈਂਕਾਂ ਵਿੱਚੋਂ ਇੱਕ ਹੈ ਅਤੇ ਦੇਸ਼ ਦੇ ਹਰ ਕੋਨੇ ਅਤੇ ਪੇਂਡੂ ਖੇਤਰਾਂ ਵਿੱਚ ਆਪਣੀ ਸੇਵਾ ਦੇਣ ਵਿੱਚ ਸਭ ਤੋਂ ਅੱਗੇ ਹੈ। ਭਾਰਤ ਸਰਕਾਰ ਦੇ ਇੱਕ ਵਿਚਾਰ ਦੇ ਅਨੁਸਾਰ ਦੇਸ਼ ਭਰ ਦੇ ਸਾਰੇ ਖੇਤਰੀ ਬੈਂਕਾਂ ਦੇ ਆਪਸ ਵਿੱਚ ਰਲਾਅ ਕਰਕੇ ਦੇਸ਼ ਵਿੱਚ 4 ਤੋਂ 5 ਵੱਡੇ-ਵੱਡੇ ਬੈਂਕਾਂ ਦੀ ਸਥਾਪਨਾ ਕਰਨਾ ਹੈ। ਇਸ ਪ੍ਰਕਿਰਿਆ ਵਿੱਚ ਭਾਰਤੀ ਸਟੇਟ ਬੈਂਕ ਦੇ ਸਹਿਯੋਗੀ ਬੈਂਕਾਂ ਦਾ ਭਾਰਤੀ ਸਟੇਟ ਬੈਂਕ ਵਿਚ ਰਲਾਅ ਕਰਨਾ ਵੀ ਹੈ। ਸਿੱਟੇ ਵੱਜੋਂ 2008 ਵਿੱਚ ਸਟੇਟ ਬੈਂਕ ਆਫ ਸੋਰਾਸ਼ਟਰ ਦਾ ਭਾਰਤੀ ਸਟੇਟ ਬੈਂਕ ਵਿੱਚ ਰਲਾਅ ਹੋ ਗਿਆ। ਇਸ ਸਾਲ ਦੇ ਅੰਤ ਤੱਕ ਸਟੇਟ ਬੈਂਕ ਆਫ ਇੰਦੌਰ ਦਾ ਵੀ ਭਾਰਤੀ ਸਟੇਟ ਬੈਂਕ ਵਿੱਚ ਰਲਾਅ ਕੀਤੇ ਜਾਣ ਦਾ ਵਿਚਾਰ ਹੈ।

# ਡੇਅਰੀ ਫਾਰਮਿੰਗ ਪੰਜਾਬ ਦੀ ਖੇਤੀ ਲਈ ਵਧੀਆ ਬਦਲ

ਡਾ. ਰਣਜੀਤ ਸਿੰਘ

ਪੰਜਾਬ ਵਿੱਚ ਡੇਅਰੀ ਫਾਰਮਿੰਗ ਭਾਵ ਦੁਧਾਰੂ ਪਸ਼ੂਆਂ ਦੇ ਪਾਲਣ ਨੂੰ ਉਤਸ਼ਾਹਤ ਕਰਨਾ ਚਾਹੀਦਾ ਹੈ। ਇੱਥੋਂ ਦੇ ਬਹੁਤੇ ਕਿਸਾਨ ਛੋਟੇ ਹਨ, ਪਾਣੀ ਦੀ ਸਹੂਲਤ ਹੈ ਜਿਸ ਨਾਲ ਸਾਰਾ ਸਾਲ ਹਰਾ ਚਾਰਾ ਪ੍ਰਾਪਤ ਹੋ ਜਾਂਦਾ ਹੈ। ਦੁੱਧ ਅਤੇ ਦੁਧਾਰੂ ਪਸ਼ੂਆਂ ਦੀ ਪੰਜਾਬੀਆਂ ਦੇ ਜੀਵਨ ਵਿੱਚ ਇੱਕ ਵਿਸ਼ੇਸ਼ ਮਹੱਤਤਾ ਹੈ। ਕੋਈ ਵੀ ਪੰਜਾਬੀ ਕਿਸਾਨ ਅਜਿਹਾ ਨਹੀਂ ਹੋਵੇਗਾ, ਜਿਹੜਾ ਆਪਣੇ ਘਰ ਇੱਕ ਮੱਝ ਜਾਂ ਗਊ ਨਾ ਪਾਲਦਾ ਹੋਵੇ। ਦੁੱਧ ਅਤੇ ਪੁੱਤ ਦੀ ਲੋੜ ਪੰਜਾਬੀ ਜੀਵਨ ਦਾ ਅਨਿੱਖੜਾਂ ਅੰਗ ਹੈ। ਇਹ ਮੰਨਿਆ ਜਾਂਦਾ ਹੈ ਕਿ ਆਰੀਅਨ ਲੋਕ ਪੰਜਾਬ ਰਾਹੀਂ ਭਾਰਤ ਕੇਵਲ ਆਪਣੇ ਡੰਗਰਾਂ ਲਈ ਨਵੀਆਂ ਚਰਾਦਾਂ ਲੱਭਣ ਆਏ ਸਨ। ਗਊ ਅਤੇ ਘੋੜੇ ਇਨ੍ਹਾਂ ਦੇ ਮੁੱਖ ਪਸ਼ੂ ਸਨ। ਗਊ ਦੀ ਆਰੀਆ ਦੇ ਜੀਵਨ ਵਿੱਚ ਵਿਸ਼ੇਸ਼ ਮਹੱਤਤਾ ਸੀ। ਕਿਸੇ ਟੱਬਰ ਦਾ ਕਬੀਲੇ ਦੀ ਤਾਕਤ ਅਤੇ ਖੁਸ਼ਹਾਲੀ ਉਸ ਕੋਲ ਗਊਆਂ ਦੀ ਗਿਣਤੀ ਉੱਤੇ ਨਿਰਭਰ ਕਰਦੀ ਸੀ। ਮੁਦਰਾ ਦੀ ਅਣਹੋਂਦ ਵਿੱਚ ਸਾਰਾ ਲੈਣ-ਦੇਣ ਗਊਆਂ ਰਾਹੀਂ ਹੀ ਹੁੰਦਾ ਸੀ। ਆਪੋ ਵਿੱਚ ਬਹੁਤੀਆਂ ਲੜਾਈਆਂ ਵੀ ਗਊਆਂ ਲਈ ਹੀ ਹੁੰਦੀਆਂ ਸਨ, ਪਰ ਹੁਣ ਪੰਜਾਬ ਵਿੱਚ ਦੁੱਧ ਦਾ ਮੁੱਖ ਸੋਮਾ ਮੱਝਾਂ ਹਨ। ਇਸ ਸਮੇਂ ਸੂਬੇ ਵਿੱਚ ਲੱਗਭੱਗ 62 ਲੱਖ ਮੱਝਾਂ ਅਤੇ 26 ਲੱਖ ਗਊਆਂ ਹਨ। ਇਨ੍ਹਾਂ ਵਿੱਚ 18 ਲੱਖ ਦੋਗਲੀਆਂ ਅਤੇ ਅੱਠ ਲੱਖ ਦੇਸੀ ਗਊਆਂ ਹਨ। ਸੂਬੇ ਵਿੱਚੋਂ ਹੋਣ ਵਾਲੇ ਦੁੱਧ ਉਤਪਾਦਨ ਦਾ 70 ਫੀਸਦੀ ਮੱਝਾਂ ਕੋਲੋਂ ਅਤੇ 30 ਫੀਸਦੀ ਗਊਆਂ ਕੋਲੋਂ ਆਉਂਦਾ ਹੈ। ਸੂਬੇ ਵਿੱਚ ਕੋਈ 75 ਲੱਖ ਮੀਟਰਕ ਟਨ ਦੁੱਧ ਦਾ ਉਤਪਾਦਨ ਹੁੰਦਾ ਹੈ, ਜਿਹੜਾ ਸਾਰੇ ਦੇਸ਼ ਦੇ ਉਤਪਾਦਨ ਦਾ 10 ਫੀਸਦੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬ ਦੀਆਂ ਮੱਝਾਂ ਅਤੇ ਗਾਵਾਂ ਦੇਸ਼ ਦੇ ਬਾਕੀ ਸੂਬਿਆਂ ਨਾਲੋਂ ਵੱਧ ਦੁੱਧ ਦਿੰਦੀਆਂ ਹਨ, ਪਰ ਇਹ ਉੱਨਤ ਦੇਸ਼ਾਂ ਵਿੱਚ ਦੋਗਲੀਆਂ ਗਊਆਂ ਤੋਂ ਪ੍ਰਾਪਤ ਹੋਣ ਵਾਲੇ ਦੁੱਧ (10000 ਲੀਟਰ ਪ੍ਰਤੀ ਸੂਆ) ਤੋਂ ਬਹੁਤ ਘੱਟ (2750 ਲਿਟਰ ਪ੍ਰਤੀ ਸੂਆ) ਹੈ।

ਪੰਜਾਬ ਵਿੱਚ ਪ੍ਰਤੀ ਪਸ਼ੂ ਦੁੱਧ ਉਤਪਾਦਨ ਵਿੱਚ ਚੋਖਾ ਵਾਧਾ ਕੀਤਾ ਜਾ ਸਕਦਾ ਹੈ। ਦੋਗਲੀਆਂ ਗਾਈਆਂ ਦੇ ਪਾਲਣ ਨੂੰ ਜੇਕਰ ਸੂਬੇ ਵਿੱਚ ਉਤਸ਼ਾਹਤ ਕੀਤਾ ਜਾਵੇ ਤਾਂ ਕਣਕ ਝੋਨੇ ਦੇ ਫਸਲੀ ਚੱਕਰ ਹੇਠੋਂ ਚੋਖਾ ਰਕਬਾ ਕੱਢ ਕੇ ਚਾਰੇ ਦੀਆਂ ਫਸਲਾਂ ਹੇਠ ਲਿਆਂਦਾ ਜਾ ਸਕਦਾ ਹੈ। ਡੇਅਰੀ ਫਾਰਮਿੰਗ ਨਾਲ ਕਿਸਾਨਾਂ ਦੀ ਆਮਦਨ ਵਿੱਚ ਵੀ ਵਾਧਾ ਕੀਤਾ ਜਾ ਸਕਦਾ ਹੈ। ਵੇਖਣਾ ਇਹ ਹੈ ਕਿ ਦੁਧਾਰੂ ਪਸ਼ੂਆਂ ਦਾ ਪਾਲਣਾ ਵੱਧ ਮੁਨਾਫੇ ਵਾਲਾ ਧੰਦਾ ਹੋਣ ਦੇ ਬਾਵਜੂਦ ਵੀ ਕਿਸਾਨਾਂ ਵਿੱਚ ਉਨਾ ਹਰਮਨ ਪਿਆਰਾ ਨਹੀਂ ਹੋ ਸਕਿਆ, ਜਿੰਨਾ ਹੋਣਾ ਚਾਹੀਦਾ ਸੀ। ਪੰਜਾਬ ਵਿੱਚ ਕਿਸਾਨ ਗਾਈਆਂ ਦੇ ਮੁਕਾਬਲੇ ਮੱਝਾਂ ਨੂੰ ਰੱਖਣਾ ਵਧੇਰੇ ਪਸੰਦ ਕਰਦੇ ਹਨ, ਕਿਉਂਕਿ ਮੱਝਾਂ ਦੇਸੀ ਗਊਆਂ ਦੇ ਮੁਕਾਬਲੇ ਵਧੇਰੇ ਦੁੱਧ ਦਿੰਦੀਆਂ ਹਨ, ਇਨ੍ਹਾਂ ਦਾ ਗਾੜ੍ਹਾ ਦੁੱਧ ਹੁੰਦਾ ਹੈ ਅਤੇ ਪਾਲਣਾ ਦੋਗਲੀਆਂ ਗਊਆਂ ਨਾਲੋਂ ਸੌਖਾ ਹੈ। ਪੰਜਾਬੀ ਖੁਰਾਕ ਵਿੱਚ ਦੁੱਧ ਪਿੱਛੋਂ ਘੀ ਅਤੇ ਮੱਖਣ ਦੀ ਵਿਸ਼ੇਸ਼ ਮਹੱਤਤਾ ਹੈ।

ਮੱਝਾਂ ਦੇ ਦੁੱਧ ਵਿੱਚ ਥੰਦਿਆਈ ਵਧੇਰੇ ਹੁੰਦੀ ਹੈ। ( 7 ਫੀਸਦੀ ਤੋਂ ਵੱਧ) ਜਦੋਂ ਕਿ ਗਊ ਦੇ ਦੁੱਧ ਵਿੱਚ ਇਹ ਘੱਟ (4 ਫੀਸਦੀ ਤੋਂ ਘੱਟ) ਹੈ। ਇੰਝ ਗਊ ਦੇ ਦੁੱਧ ਦੀ ਵਿੱਕਰੀ ਵਿੱਚ ਦਿੱਕਤ ਆਉਂਦੀ ਹੈ ਅਤੇ ਇਹ ਸਸਤਾ ਵਿਕਦਾ ਹੈ। ਇਸ ਤੋਂ ਬਗੈਰ ਹੋਰ ਕਾਰਨਾਂ ਦੀ ਘੋਖ ਕਰਨ ਲਈ ਕਿਸਾਨਾਂ ਅਤੇ ਮਾਹਿਰਾਂ ਨਾਲ ਗੱਲਬਾਤ ਕੀਤੀ ਗਈ। ਇਸ ਵਿਚਾਰ ਵਟਾਂਦਰੇ ਦੇ ਆਧਾਰ 'ਤੇ ਹੇਠ ਲਿਖੇ ਮੁੱਖ ਕਾਰਨ ਨਿਖੇੜੇ ਗਏ ਹਨ।

1. ਗਊ ਦੇ ਦੁੱਧ ਬਾਰੇ ਪੰਜਾਬੀਆਂ ਦੀ ਸੋਚਣੀ ਵਿੱਚ ਤਬਦੀਲੀ ਦੀ ਲੋੜ।
2. ਦੋਗਲੀਆਂ ਗਊਆਂ ਬਾਰੇ ਕਿਸਾਨਾਂ ਨੂੰ ਜਾਣਕਾਰੀ ਅਤੇ ਸਿਖਲਾਈ ਦੀ ਲੋੜ।
3. ਦੋਗਲੀਆਂ ਗਊਆਂ ਦੀਆਂ ਵਧੀਆਂ ਕਿਸਮਾਂ ਦੇ ਮਿਲਣ ਵਿੱਚ ਔਖਿਆਈ।
4. ਮਨਸੂਹੀ ਗਰਭਦਾਨ ਦੀਆਂ ਸਹੂਲਤਾਂ ਦੀ ਘਾਟ।
5. ਪਸ਼ੂਆਂ ਲਈ ਸਿਹਤ ਸਹੂਲਤਾਂ ਦੀ ਕਮੀ।
6. ਹਰੇ ਚਾਰੇ ਅਤੇ ਥੰਡ (ਖੁਰਾਕ) ਦਾ ਪੂਰਾ ਨਾ ਮਿਲਣਾ।
7. ਦੁੱਧ ਦੇ ਵਧੀਆ ਵਿਕਰੀ ਪ੍ਰਬੰਧ ਦੀ ਅਣਹੋਂਦ
8. ਲੋੜੀਂਦੀ ਮਾਲੀ ਸਹਾਇਤਾ ਦਾ ਨਾ ਮਿਲਣਾ।
9. ਦੁੱਧ ਦਾ ਪੂਰਾ ਭਾਅ ਨਾ ਮਿਲਣਾ ਅਤੇ ਦੁੱਧ ਵਿੱਚ ਗੁਣਵੱਤਾ ਦੀ ਘਾਟ।
10. ਫੰਡਰ ਪਸ਼ੂਆਂ ਦੀ ਸਮੱਸਿਆ

ਸੂਬੇ ਵਿੱਚ ਕੋਈ ਵੀ ਅਜਿਹੀ ਸੰਸਥਾ ਨਹੀਂ ਹੈ, ਜਿਥੋਂ ਵਧੀਆ ਨਸਲ ਦੀਆਂ ਦੋਗਲੀਆਂ ਗਾਈਆਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ, ਜਿਹੜੇ ਕਿਸਾਨਾਂ ਕੋਲ ਦੋਗਲੀਆਂ ਗਊਆਂ ਹਨ, ਉਨ੍ਹਾਂ ਨੂੰ ਮਨਸੂਹੀ ਗਰਭਦਾਨ ਦੀਆਂ ਸਹੂਲਤਾਂ ਦੀ ਕਮੀ ਕਰਕੇ ਇਨ੍ਹਾਂ ਨੂੰ ਗੱਭਣ ਕਰਵਾਉਣ ਵਿੱਚ ਦਿੱਕਤ ਆਉਂਦੀ ਹੈ। ਦੋਗਲੀਆਂ ਗਊਆਂ ਦੀ ਸਾਂਭ ਸੰਭਾਲ ਲਈ ਵਿਸ਼ੇਸ਼ ਯਤਨਾਂ ਦੀ ਲੋੜ ਹੈ। ਜਿਨ੍ਹਾਂ ਬਾਰੇ ਕਿਸਾਨਾਂ ਨੂੰ ਜਾਣਕਾਰੀ ਵੀ ਘੱਟ ਹੈ ਅਤੇ ਉਹ ਅਜਿਹਾ ਕਰਨ ਵਿੱਚ ਕੁਤਾਹੀ ਵੀ ਕਰ ਜਾਂਦੇ ਹਨ। ਦੋਗਲੀਆਂ ਗਊਆਂ ਦੇ ਦੁੱਧ ਵਿੱਚ ਥੰਦਿਆਈ ਘੱਟ ਹੋਣ ਕਰਕੇ ਇਸ ਦਾ ਮੱਝ ਦੇ ਦੁੱਧ ਦੇ ਮੁਕਾਬਲੇ ਘੱਟ ਮੁੱਲ ਮਿਲਦਾ ਹੈ। ਇਨ੍ਹਾਂ ਗਊਆਂ ਲਈ ਵਿਸ਼ੇਸ਼ ਸਾਂਭ ਸੰਭਾਲ ਅਤੇ ਸਿਹਤ ਸਹੂਲਤਾਂ ਦੀ ਲੋੜ ਹੈ, ਜਿਨ੍ਹਾਂ ਦੀ ਸੂਬੇ ਵਿੱਚ ਘਾਟ ਹੈ। ਸਿੰਚਾਈ ਸਹੂਲਤਾਂ ਹੋਣ ਦੇ ਬਾਵਜੂਦ ਵੀ ਸੂਬੇ ਵਿੱਚ ਹਰੇ ਚਾਰੇ ਦਾ ਉਤਪਾਦਨ ਬਹੁਤ ਘੱਟ ਹੈ। ਇਸ ਸਮੇਂ ਸੂਬੇ ਵਿੱਚ ਕੇਵਲ 3 ਕਰੋੜ ਟਨ ਹਰੇ ਚਾਰੇ ਦਾ ਉਤਪਾਦਨ ਹੁੰਦਾ ਹੈ, ਜਦੋਂ ਕਿ ਲੋੜ ਅਨੁਸਾਰ ਦੂਜੀ ਖੁਰਾਕ ਦਾ ਉਤਪਾਦਨ ਵੀ ਪੰਜਾਬ ਵਿੱਚ ਘੱਟ ਹੈ। ਮਿਲਣ ਵਾਲੀ ਖੁਰਾਕ ਦੀ ਗੁਣਵੱਤਾ ਵੀ ਵਧੀਆ ਨਹੀਂ ਹੈ। ਦੁੱਧ ਦੀ ਗੁਣਵੱਤਾ ਵੀ ਵਧੀਆ ਨਹੀਂ ਹੈ। ਇਸ ਦਾ ਮੁੱਖ ਕਾਰਨ ਚੁਆਈ ਸਮੇਂ ਸਾਫ-ਸੁਥਰੀ ਥਾਂ ਦੀ ਘਾਟ ਅਤੇ ਚੁਆਈ ਤੋਂ ਵਰਤੋਂ ਵਿਚਕਾਰ ਸਮਾਂ ਵੱਧ ਹੋਣ ਕਰਕੇ ਦੁੱਧ ਵਿੱਚ ਕੀਟਾਣੂਆਂ ਦੀ ਗਿਣਤੀ ਬਹੁਤ ਵੱਧ ਜਾਂਦੀ ਹੈ। ਦੋਗਲੀਆਂ ਗਊਆਂ ਮਹਿੰਗੀਆਂ ਹੋਣ ਕਰਕੇ ਇਨ੍ਹਾਂ ਲਈ ਬੀਮੇ ਦੀ ਯੋਜਨਾ ਚਾਹੀਦੀ ਹੈ ਅਤੇ ਘੱਟ ਵਿਆਜ ਦਰ ਉੱਤੇ ਕਰਜੇ ਦੀਆਂ ਸਹੂਲਤਾਂ ਦੀ ਲੋੜ ਹੈ।

ਅਸਲ ਵਿੱਚ ਦੋਗਲੀਆਂ ਗਊਆਂ ਦੇ ਪਾਲਣ ਨੂੰ ਵਪਾਰਕ ਲੀਹਾਂ 'ਤੇ ਚਲਾਉਣ ਦੀ ਲੋੜ ਹੈ। ਇਸ ਲਈ ਪਿੰਡਾਂ ਵਿੱਚ ਡੇਅਰੀ ਬਲਾਕ ਬਣਾਉਣੇ ਚਾਹੀਦੇ ਹਨ। ਇੱਕ ਪਿੰਡ ਵਿੱਚ ਘੱਟੋ ਘੱਟ 20 ਕਿਸਾਨਾਂ ਨੂੰ ਤਿਆਰ ਕੀਤਾ ਜਾਵੇ, ਜਿਨ੍ਹਾਂ ਕੋਲ ਪੰਜ ਦੋਗਲੀਆਂ ਗਾਵਾਂ ਜ਼ਰੂਰ ਹੋਣ। ਪਸ਼ੂਆਂ ਲਈ ਸਾਫ ਸੁੱਥਰੇ ਸ਼ੈੱਡ ਬਣਾਏ ਜਾਣ। ਸਹਿਕਾਰੀ ਜਾਂ ਕਿਸੇ ਹੋਰ ਸੰਸਥਾ ਰਾਹੀਂ ਦੁੱਧ ਦੀ ਖਰੀਦ ਦਾ ਪ੍ਰਬੰਧ ਹੋਵੇ ਅਤੇ ਦੂਜੀਆਂ ਸਹੂਲਤਾਂ ਦਿੱਤੀਆਂ ਜਾਣ। ਇਸ ਸੰਸਥਾ ਰਾਹੀਂ ਹਰ ਪਿੰਡ ਵਿੱਚ ਦੁੱਧ ਦੀ ਸੁਧਾਈ ਦਾ ਪ੍ਰਬੰਧ ਹੋਵੇ ਤਾਂ ਜੋ ਇਸ ਦੀ ਗੁਣਵਤਾ ਬਣਾਈ ਰੱਖੀ ਜਾ ਸਕੇ। ਇਸ ਸਮੇਂ ਕਿਸਾਨ ਨੂੰ ਮਿਲਣ ਵਾਲੇ ਦੁੱਧ ਦੇ ਮੁੱਲ ਅਤੇ ਖਪਤਕਾਰ ਵੱਲੋਂ ਦਿੱਤੇ ਜਾਣ ਵਾਲੇ ਮੁੱਲ ਵਿੱਚ ਬਹੁਤ ਫਰਕ ਹੈ। ਇਸ ਫਰਕ ਨੂੰ ਘੱਟ ਕੀਤਾ ਜਾਵੇ ਤਾਂ ਜੋ ਕਿਸਾਨ ਨੂੰ ਵੱਧ ਮੁੱਲ ਮਿਲ ਸਕੇ। ਅਜਿਹਾ ਵਧੀਆ ਪ੍ਰਬੰਧ ਰਾਹੀਂ ਕੀਤਾ ਜਾ ਸਕਦਾ ਹੈ। ਮਿਲਕਫੈੱਡ ਅਤੇ ਕੁੱਝ ਬਹੁਦੇਸ਼ੀ ਕੰਪਨੀਆਂ ਵੱਲੋਂ ਇਸ ਪਾਸੇ ਯਤਨ ਕੀਤੇ ਜਾ ਰਹੇ ਹਨ। ਜਿਸ ਕਰਕੇ ਦੁੱਧ ਉਤਪਾਦਨ ਵਿੱਚ ਵਾਧਾ ਹੋਇਆ ਹੈ, ਪਰ ਇਨ੍ਹਾਂ ਯਤਨਾਂ ਵਿੱਚ ਹੋਰ ਸੁਧਾਰ ਦੀ ਲੋੜ ਹੈ। ਖੋਜ ਸੰਸਥਾਵਾਂ ਨੂੰ ਮੱਝ ਦੇ ਦੁੱਧ ਉਤਪਾਦਨ ਵਿੱਚ ਵਾਧੇ ਲਈ ਵੀ ਯਤਨ ਕਰਨੇ ਚਾਹੀਦੇ ਹਨ, ਕਿਉਂਕਿ ਮੱਝ ਵਧੇਰੇ ਸਖਤ ਜਾਨ ਜਾਨਵਰ ਹੋਣ ਕਰਕੇ ਇਸ ਦਾ ਪਾਲਣਾ ਸੌਖਾ ਹੈ। ਪੰਜਾਬ ਦੀ ਖੇਤੀ ਨੂੰ ਡੇਅਰੀ ਫਾਰਮਿੰਗ ਅਤੇ ਭੌਤਿਕ ਖੇਤੀ ਰਾਹੀਂ ਨਵਾਂਮੋੜ ਦਿੱਤਾ ਜਾ ਸਕਦਾ ਹੈ। ਪਰ ਇਸ ਲਈ ਸੰਜੀਦਗੀ ਨਾਲ ਯਤਨ ਕਰਨੇ ਪੈਣਗੇ। ਖੋਜ, ਕਿਸਾਨ ਅਤੇ ਸਰਕਾਰ ਦੇ ਸਾਂਝੇ ਯਤਨ ਹੀ ਸਫਲਤਾ ਵਿੱਚ ਸਹਾਈ ਹੋ ਸਕਦੇ ਹਨ। ਯੂਰਪ ਦੇ ਦੇਸ਼ਾਂ ਵਿੱਚ ਡੇਅਰੀ ਵਿਕਾਸ ਆਪਣੇ ਸਿਖਰ ਉੱਤੇ ਹੈ। ਸਾਨੂੰ ਉਨ੍ਹਾਂ ਤੋਂ ਪ੍ਰੇਰਨਾ ਲੈ ਕੇ ਆਪਣੇ ਸੂਬੇ ਵਿੱਚ ਵੀ ਉਸੇ ਤਰ੍ਹਾਂ ਦਾ ਮਾਹੌਲ ਸਿਰਜਣਾ ਪਵੇਗਾ।

ਜੇਕਰ ਕਿਸਾਨਾਂ ਨੂੰ ਪੇਸ਼ ਆਉਣ ਵਾਲੀਆਂ ਮੁਸ਼ਕਿਲਾਂ ਨੂੰ ਦੂਰ ਕਰਨ ਵਿੱਚ ਉਨ੍ਹਾਂ ਦੀ ਸਹਾਇਤਾ ਕੀਤੀ ਜਾਵੇ ਤਾਂ ਪੰਜਾਬ ਦੀ ਖੇਤੀ ਦਾ ਭਵਿੱਖ ਡੇਅਰੀ ਫਾਰਮਿੰਗ ਰਾਹੀਂ ਚੋਖਾ ਉਜਲਾ ਹੋ ਸਕਦਾ ਹੈ। ਕਿਸਾਨਾਂ ਨੂੰ ਪਸ਼ੂ ਪਾਲਣ ਲਈ ਉਤਸ਼ਾਹਤ ਕੀਤਾ ਜਾਵੇ ਅਤੇ ਉਨ੍ਹਾਂ ਨੂੰ ਲੋੜੀਂਦੀ ਸਿਖਲਾਈ ਵੀ ਦਿੱਤੀ ਜਾਵੇ। ਪਸ਼ੂ ਪਾਲਣ ਦੇ ਬਹੁਤੇ ਕਾਰਜ ਬੀਬੀਆਂ ਕਰਦੀਆਂ ਹਨ। ਉਨ੍ਹਾਂ ਦੀ ਸਿਖਲਾਈ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਦੁਧਾਰੂ ਪਸ਼ੂ ਮਹਿੰਗੇ ਹੋਣ ਕਰਕੇ ਉਨ੍ਹਾਂ ਲਈ ਬੀਮਾ ਯੋਜਨਾ ਬਣਾਈ ਜਾਵੇ। ਨੌਜਵਾਨਾਂ ਨੂੰ ਇਸ ਧੰਦੇ ਲਈ ਉਤਸ਼ਾਹਤ ਕਰਨਾ ਚਾਹੀਦਾ ਹੈ। ਇਸ ਨਾਲ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਹੋਵੇਗਾ ਅਤੇ ਨੌਜਵਾਨਾਂ ਨੂੰ ਰੁਜਗਾਰ ਵੀ ਮਿਲੇਗਾ। ਇਸ ਧੰਦੇ ਦੀ ਸਫਲਤਾ ਲਈ ਕਿਸਾਨ ਨੂੰ ਆਪ ਦਿਲਚਸਪੀ ਲੈਣੀ ਪਵੇਗੀ। ਇਸ ਨੂੰ ਕਾਮਿਆਂ 'ਤੇ ਨਹੀਂ ਛੱਡਿਆ ਜਾ ਸਕਦਾ। ਇਹ ਖਤਰੇ ਦੀ ਖੇਤੀ ਹੈ। ਖਤਰਿਆਂ ਨਾਲ ਮਾਲਕ ਹੀ ਖੇਡ ਸਕਦਾ ਹੈ। ਕਾਮੇ ਤਾਂ ਲਾਪ੍ਰਵਾਹੀ ਕਰ ਸਕਦੇ ਹਨ। ਲੋੜ ਆਪਣੀ ਖੇਤੀ ਨੂੰ ਰੁਝੇਵਿਆਂ ਭਰੀ ਬਣਾਉਣ ਦੀ ਹੈ ਤਾਂ ਜੋ ਜੀਵਨ ਵਿੱਚ ਵਿਹਲ ਨੂੰ ਘੱਟ ਕੀਤਾ ਜਾ ਸਕੇ। ਸਮੇਂ ਦੀ ਯੋਗ ਵਰਤੋਂ ਹੋਵੇ ਅਤੇ ਖੁਸ਼ਹਾਲੀ ਦਾ ਨਵਾਂ ਦੌਰ ਸ਼ੁਰੂ ਕੀਤਾ ਜਾ ਸਕੇ।

# ਵਿਸ਼ਵ ਕੱਪ ਫੁੱਟਬਾਲ ਲਈ ਦੱਖਣੀ ਅਫਰੀਕਾ ਪੱਬਾਂ ਭਾਰ

ਕੁਲਦੀਪ ਸਿੰਘ ਪੱਟੀ

19ਵਾਂ ਵਿਸ਼ਵ ਕੱਪ ਫੁੱਟਬਾਲ 2010 ਇਸ ਵਾਰ 21 ਜੂਨ ਤੋਂ 21 ਜੁਲਾਈ ਤੱਕ ਦੱਖਣੀ ਅਫਰੀਕਾ ਵਿਖੇ ਹੋ ਰਿਹਾ ਹੈ, ਜਿਸ ਵਿੱਚਟ ਫੀਫਾ ਦੇ 207 ਮੈਂਬਰਾਂ ਅਤੇ 197 ਦੇਸ਼ਾਂ ਵਿੱਚੋਂ ਚੁਣ ਕੇ ਆਈਆਂ 32 ਫੁੱਟਬਾਲ ਟੀਮਾਂ ਦੇ 8 ਵਰਗਾਂ ਵਿੱਚ ਲੀਗ, ਸੁਪਰਲੀਗ, ਪ੍ਰੀ-



ਕੁਆਰਟਰ,ਕੁਆਰਟਰ, ਸੈਮੀਫਾਈਨਲ ਤੇ ਫਾਈਨਲ ਮੁਕਾਬਲੇ ਵਿਸ਼ਵ ਮੀਡੀਆ ਰਾਹੀਂ ਖਿੱਚ ਦਾ ਕੇਂਦਰ ਹੋਣਗੇ। ਮੇਜਬਾਨ ਦੇਸ਼ ਦੱਖਣੀ ਅਫਰੀਕਾ ਜਿਸ ਦੇ ਸਾਬਕਾ ਰਾਸ਼ਟਰਪਤੀ ਨੈਲਸਨ ਮੰਡੇਲਾ ਨੇ ਨਸਲੀ ਵਿਤਕਰੇ ਵਿਰੁੱਧ 27 ਸਾਲ ਕੈਦ ਕੱਟ ਕੇ ਕਾਲੀਆਂ ਕੌਮਾਂ ਨੂੰ ਗੋਰੀਆਂ ਦੇ ਬਰਾਬਰ ਖੇਡਣ ਦਾ ਕਾਨੂੰਨ ਅਧਿਕਾਰ ਲੈ ਕੇ ਦਿੱਤਾ ਹੈ, ਵਿਸ਼ਵ ਕੱਪ ਵਿੱਚ ਖਿੱਚ ਦਾ ਕੇਂਦਰ ਬਿੰਦੂ ਹੋਵੇਗਾ। ਵਿਸ਼ਵ ਕੱਪ ਫੁੱਟਬਾਲ ਲਈ 32 ਟੀਮਾਂ ਦਾ ਗਰੁੱਪ ਵਰਗੀਕਰਨ ਇਸ ਪ੍ਰਕਾਰ ਹੈ। ਏ ਗਰੁੱਪ ਵਿੱਚ ਦੱਖਣੀ ਅਫਰੀਕਾ ਮੈਕਸੀਕੋ, ਉਰੂਗਾਵੇ ਤੇ ਫਰਾਂਸ ਬੀ ਗਰੁੱਪ ਵਿੱਚ ਅਰਜਨਟਾਈਨਾ, ਨਾਈਜੀਰੀਆ, ਦੱਖਣੀ ਕੋਰੀਆ 'ਤੇ ਗਰੀਸ, ਸੀ-ਗਰੁੱਪ ਵਿੱਚ ਇੰਗਲੈਂਡ, ਅਮਰੀਕਾ ਅਲਜ਼ੀਰੀਆ ਤੇ ਸਲੋਵੇਨੀਆ ਡੀ ਗਰੁੱਪ ਵਿੱਚ ਜਰਮਨੀ, ਆਸਟ੍ਰੇਲੀਆ ਸਰਬੀਆ ਤੇ ਘਾਨਾ ਸ਼ਾਮਲ ਹਨ। ਈ-ਗਰੁੱਪ ਵਿੱਚ ਹਾਲੈਂਡ, ਡੈਨਮਾਰਕ, ਜਪਾਨ ਤੇ ਕੈਮਰੂਨ, ਐਫ-ਗਰੁੱਪ ਵਿੱਚ ਇਟਲੀ, ਪਰਾਗਵੇ, ਨਿਊਜ਼ੀਲੈਂਡ ਤੇ ਸਲੋਵਾਕੀਆ ਜੀ ਗਰੁੱਪ ਵਿੱਚ ਉੱਤਰੀ ਕੋਰੀਆ, ਆਈਵਰੀ ਕੋਸਟ, ਪੁਰਤਗਾਲ ਐੱਫ ਗਰੁੱਪ ਵਿੱਚ ਸਪੇਨ, ਸਵਿਟਜ਼ਰਲੈਂਡ, ਹੋਂਡੂਰਾਸ ਤੇ ਚਿੱਲੀ ਦੀਆਂ ਟੀਮਾਂ ਸ਼ਾਮਲ ਹਨ। ਵਿਸ਼ਵ ਕੱਪ ਫੁੱਟਬਾਲ ਦਾ ਇਤਿਹਾਸ ਦੱਸਦਾ ਹੈ ਕਿ ਹੁਣ ਤੱਕ ਹੋਏ 18 ਵਿਸ਼ਵ ਕੱਪ ਫੁੱਟਬਾਲ ਮੁਕਾਬਲਿਆਂ ਵਿੱਚ ਬਰਾਜੀਲ ਸਭ ਤੋਂ ਵੱਧ ਪੰਜ ਵਾਰ ਜੇਤੂ ਰਿਹਾ ਹੈ। ਬਰਾਜ਼ੀਲ ਨੇ ਵਿਸ਼ਵ ਖਿਤਾਬ 1958, 1962, 1970, 1994 ਤੇ 2002 ਵਿੱਚ ਜਿੱਤਿਆ ਹੈ। ਇਟਲੀ ਚਾਰ ਵਾਰ ਵਿਸ਼ਵ ਕੱਪ ਫੁੱਟਬਾਲ ਜੇਤੂ ਹੈ। 1934, 1938, 1982 ਅਤੇ 2006 ਵਿੱਚ ਇਟਲੀ ਦੀ ਝੰਡੀ ਰਹੀ। ਜਰਮਨੀ ਤਿੰਨ ਵਾਰ ਜੇਤੂ ਹੈ। 1954, 1974 ਤੇ 1990। ਉਰੂਗਾਏ ਦੋ ਵਾਰ ਜੇਤੂ ਹੈ। 1930 ਤੇ 1950 ਅਰਜਨਟਾਈਨਾ ਦੋ ਵਾਰ ਜੇਤੂ, 1978 ਤੇ 1986, ਇੰਗਲੈਂਡ 1966 ਤੇ ਫਰਾਂਸ 1998 ਵਿੱਚ ਜੇਤੂ ਹਨ। 19ਵੇਂ ਕੱਪ 'ਤੇ ਸਭ ਦੀਆਂ ਨਿਗਾਹਾਂ ਹਨ ਕਿ 32 ਟੀਮਾਂ ਵਿੱਚੋਂ ਕੌਣ ਬਾਜੀ ਮਾਰਦਾ ਹੈ। ਖੇਡ ਤੇ ਫੁੱਟਬਾਲ ਅਲੋਚਕ ਪੱਟੀ ਦਾ ਪੱਖ ਹੈ ਕਿ 19ਵੇਂ ਵਿਸ਼ਵ ਕੱਪ ਫੁੱਟਬਾਲ ਵਿੱਚ ਫੀਫਾ ਦੇ ਨਵੇਂ ਕੌਮਾਂਤਰੀ ਫੁੱਟਬਾਲ ਨਿਯਮਾਂ ਤਹਿਤ ਫੁੱਟਬਾਲ ਖੇਡ ਦੀ ਤਿਲਕਣਬਾਜੀ ਸਿਆਸਤ ਵਿੱਚ ਕਈ ਹੇਠਲੀਆਂ ਉੱਤੇ ਹੋਣਗੀਆਂ ਅਤੇ ਮੈਚ ਦੇ ਲੀਗ, ਸੁਪਰਲੀਗ ਤੇ ਕੁਆਰਟਰ ਅਤੇ ਸੈਮੀਫਾਈਨਲ ਮੈਚ ਵਿੱਚ ਕਈ ਵੱਡੀਆਂ ਤੋਪਾਂ ਤੇ ਵਿਸ਼ਵ ਕੱਪ ਜੇਤੂ ਰਹਿ ਚੁੱਕੀਆਂ। ਟੀਮਾਂ ਦੇ ਮੁਕਾਬਲੇ 'ਚ ਮਾਰ ਖਾ ਜਾਣ ਦੇ ਵੀ ਸੰਕੇਤ ਹਨ। ਫੀਫਾ ਨੇ ਰੈਫਰੀਆਂ ਦਾ ਪੈਨਲ ਤਿਆਰ ਕਰ ਲਿਆ ਹੈ। 32 ਦੇਸ਼ਾਂ ਨੇ ਆਪਣੀਆਂ ਕੌਮੀ ਫੁੱਟਬਾਲ ਟੀਮਾਂ ਦਾ ਐਲਾਨ ਕਰਕੇ ਮੁਕਾਬਲੇ ਲਈ ਸਿਖਲਾਈ ਕੈਂਪ ਅਤੇ ਵਿਦੇਸ਼ੀ ਦੌਰੇ 'ਤੇ ਜਾ ਕੇ ਅਤੇ ਵਿਦੇਸ਼ੀ ਟੀਮਾਂ ਆਪਣੇ ਦੇਸ਼ ਸੱਦ ਕੇ ਅਭਿਆਸੀ ਦੋਸਤਾਨਾ ਮੈਚ ਆਰੰਭੇ ਹੋਏ ਹਨ। ਫੁੱਟਬਾਲ ਵਿਸ਼ਵ ਵਿੱਚ ਕਾਫੀ ਲੋਕਪ੍ਰਿਯ ਖੇਡ ਹੈ ਤੇ ਇਸ ਲਈ ਦੱਖਣੀ ਅਫਰੀਕਾ ਦੀ ਰਾਜਧਾਨੀ ਜੌਹਨਸਬਰਗ ਦੇ ਫੁੱਟਬਾਲ ਸਟੇਡੀਅਮ ਵਿਖੇ ਹੋਣ ਵਾਲੇ ਉਦਘਾਟਨੀ ਤੇ ਸਮਾਪਤੀ ਸਮਾਰੋਹ ਲਈ ਵਿਸ਼ਵ ਦੇ ਫੁੱਟਬਾਲ ਪ੍ਰੇਮੀਆਂ ਨੇ ਟਿਕਟਾਂ ਦੀ ਬੁਕਿੰਗ ਜਾਰੀ ਕਰਵਾ ਦਿੱਤੀ ਹੈ।19ਵੇਂ ਵਿਸ਼ਵ ਕੱਪ ਫੁੱਟਬਾਲ ਲਈ ਵੀ ਚਾਰ ਰੋਲ ਆਫ ਆਨਰ ਫੀਫਾ ਵੱਲੋਂ ਦਿੱਤੇ ਜਾਣਗੇ, ਜਿਨ੍ਹਾਂ ਵਿੱਚ ਫਾਈਨਲ ਮੈਚ ਸਮੇਂ ਮੈਨ ਆਫ ਦਾ ਮੈਚ ਗੋਲਡਨ ਬਾਲ, ਗੋਲਡਨ ਸੂਟ ਤੇ ਯੰਗ ਪਲੇਅਰ ਦਾ ਖਿਤਾਬ ਹੋਵੇਗਾ। ਪਾਠਕਾਂ ਨੂੰ ਚੇਤੇ ਕਰਵਾਉਂਦਿਆਂ ਫੁੱਟਬਾਲ ਅਲੋਚਕ ਪੱਟੀ ਦੱਸ ਰਿਹਾ ਹੈ ਕਿ 2006 ਵਿੱਚ 18ਵਾਂ ਵਿਸ਼ਵ ਕੱਪ ਫੁੱਟਬਾਲ ਮੁਕਾਬਲੇ ਜਰਮਨੀ ਵਿਖੇ ਰਾਜਧਾਨੀ ਬਰਲਿਨ ਵਿੱਚ ਹੋਇਆ ਸੀ ਤੇ ਇਟਲੀ ਨੇ ਫਾਈਨਲ ਵਿੱਚ ਫਰਾਂਸ ਨੂੰ 5-3 ਨਾਲ ਪੈਨਲਟੀ ਸ਼ੂਟ ਆਊਟ ਫੈਸਲੇ ਵਿੱਚ ਹਰਾ ਕੇ ਚੌਥੀ ਵਾਰ ਵਿਸ਼ਵ ਕੱਪ ਫੁੱਟਬਾਲ ਚੁੰਮਿਆ ਸੀ।

ਫੁੱਟਬਾਲ ਪ੍ਰੇਮੀਓ ਤੁਲਨਾਤਮਿਕ ਪਹਿਲੂ ਇਹ ਹੈ ਕਿ ਐਤਕੀਂ 2010 ਵਿੱਚ ਫੁੱਟਬਾਲ ਵਿਸ਼ਵ ਕੱਪ ਚੁੰਮਣ ਲਈ ਬਰਾਜ਼ੀਲ, ਇਟਲੀ, ਜਰਮਨ, ਫਰਾਂਸ, ਇਗਲੈਂਡ ਤੇ ਉਰੁਗਾਏ ਵਿਚਾਲੇ ਸੰਘਰਸ਼ਪੂਰਨ ਮੈਚਾਂ ਵਿੱਚ ਪੁਰਾਣੇ ਮਾਹਰ ਫੁੱਟਬਾਲ ਖਿਡਾਰੀ ਤੇ ਨਵੇਂਉੱਭਰਦੇ ਤੇਜ ਤਰਾਰ ਖਿਡਾਰੀਆਂ ਦੀ ਖੇਡ ਕਲਾ ਟੀ.ਵੀ. 'ਤੇ ਘਰ ਬਹਿ ਕੇ ਵੇਖਣ ਦਾ ਨਜ਼ਾਰਾ ਆਵੇਗਾ। 21 ਜੂਨ ਤੋਂ 21 ਜੁਲਾਈ ਤੱਕ ਗਰਮੀ ਦੇ ਮੌਸਮ ਵਿੱਚ ਦੁਨੀਆਂ ਭਰ ਵਿੱਚ ਫੁੱਟਬਾਲ ਬੁਖਾਰ ਛਾਇਆ ਰਹੇਗਾ। ਜ਼ਿਕਰਯੋਗ ਹੈ ਕਿ 2014 ਦਾ 20ਵਾਂ ਵਿਸ਼ਵ ਕੱਪ ਫੁੱਟਬਾਲ ਬਰਾਜ਼ੀਲ ਵਿਖੇ ਹੋਵੇਗਾ। ਜ਼ਿਕਰਯੋਗ ਹੈ ਕਿ ਭਾਵੇਂ ਭਾਰਤ ਵਿਸ਼ਵ ਕੱਪ ਫੁੱਟਬਾਲ ਲਈ ਯੋਗਤਾ ਤਾਂ ਪਾਰ ਨਹੀਂ ਕਰ ਸਕਿਆ ਕਿਉਂਕਿ ਭਾਰਤ ਵਿਸ਼ਵ ਫੁੱਟਬਾਲ ਦਰਜਾਬੰਦੀ ਵਿੱਚ 171ਵੇਂ ਨੰਬਰ 'ਤੇ ਹੈ ਪਰ ਭਾਰਤ ਦੇ ਜਲੰਧਰ (ਪੰਜਾਬ) ਦੀ ਫੁੱਟਬਾਲ ਇੰਡਸਟਰੀ ਦੇ ਬਣੇ ਫੁੱਟਬਾਲ ਨਾਲ ਵਿਸ਼ਵ ਕੱਪ ਦੇ ਖਿਡਾਰੀ ਕਿੱਕਾਂ ਮਾਰ ਕੇ, ਕੈਰੀ ਕਰਕੇ ਤੇ ਹੈਂਡ ਮਾਰ ਕੇ ਫੁੱਟਬਾਲ ਦੇ ਕੌਮਾਂਤਰੀ ਸਿਤਾਰੇ ਜੌਹਰ ਵਿਖਾਉਣਗੇ।